ਸਮ ਅਰਥ ਕੋਸ਼

Dictionary of Synonimous Words

ਸੰਪਾਦਕ-
ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ

ੴ ਸਤਿਗੁਰ ਪ੍ਰਸਾਦਿ॥

ਸਮ ਅਰਥ ਕੋਸ਼

Dictionary of Synonimous Words

ਸੰਪਾਦਕ—

ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ

ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅਤੇ ਸਾਬਕਾ ਜਥੇਦਾਰ

ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ

ਪ੍ਰਕਾਸ਼ਕ :

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

Sam Arath Kosh

by

Singh Sahib Gyani Kirpal Singh Ji

ISBN : 81-7601-447-8

ਪਹਿਲੀ ਐਡੀਸ਼ਨ : 1969

ਸੋਧੀ ਹੋਈ ਦੂਜੀ ਐਡੀਸ਼ਨ : ਅਪ੍ਰੈਲ 2002

ਮੁੱਲ : 150-00

ਪ੍ਰਕਾਸ਼ਕ :

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)

ਫ਼ੋਨ : (0183) 542346, 547974

ਫੈਕਸ : 91-183-557973

E.mail : csjs@jla.vsnl.net.in

Web site : www.csjs.com

(Printed In India) (1000)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਈਸਟ ਮੋਹਨ ਨਗਰ, ਅੰਮ੍ਰਿਤਸਰ। ਫ਼ੋਨ : 705003, 395774

ਸਮਰਪਣ

ਪੰਥ ਪ੍ਰਸਿੱਧ ਹਸਤੀ, ਗੁਰਬਾਣੀ ਤੇ ਗੁਰਮਤਿ ਦੇ
ਅਦੁੱਤੀ ਵਿਦਵਾਨ, ਦੈਵੀ ਗੁਣਾਂ ਦੇ ਪੁੰਜ,
ਉਦਾਰ ਆਤਮਾ, ਮਹਾਨ ਪਰਉਪਕਾਰੀ, ਮਹਾਂਪੁਰਖ,
ਸੱਚਖੰਡ ਵਾਸੀ

ਸ੍ਰੀ ਮਾਨ ਸੰਤ
ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ'
ਭਿੰਡਰਾਂ ਵਾਲਿਆਂ ਨੂੰ

ਇਹ ਪੁਸਤਕ ਬੜੇ ਅਦਬ ਸਹਿਤ ਭੇਟਾ ਕਰਦਾ ਹਾਂ,
ਜਿਨ੍ਹਾ ਦੀ ਗੁਰਮੁਖਿ ਸੰਗਤਿ, ਪਾਰਸ ਛੋਹ, ਦਿਲੀ ਪ੍ਰਸੰਨਤਾ ਤੇ
ਅਪਾਰ ਬਖਸ਼ਿਸ਼ ਦਾ ਸਦਕਾ ਮੈਂ ਅਜਿਹੀ ਪੁਸਤਕ
ਲਿਖਣ ਦੇ ਕਾਬਲ ਹੋ ਸਕਿਆ ਹਾਂ।

—ਸੰਪਾਦਕ

ਧੰਨਵਾਦ

(ੳ) ੧. ਸੱਚਖੰਡ ਵਾਸੀ ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਾਸਾ' ਭਿੰਡਰਾਂ ਵਾਲੇ।

੨. ਸ੍ਰੀ ਮਾਨ ਡਾਕਟਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ।

੩. ਸ੍ਰੀ ਮਾਨ ਗਿਆਨੀ ਲਾਲ ਸਿੰਘ ਜੀ ਜਾਨਰਲ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ (ਪਟਿਆਲਾ)

ਜਿਨ੍ਹਾਂ ਨੇ ਇਸ ਕੋਸ਼ ਨੂੰ ਲਿਖਣ, ਸੋਧਣ, ਅਤੇ ਨਵੀਨ ਸ਼ੈਲੀ ਅਨੁਸਾਰ ਇਸ ਦਾ ਚਿਹਰਾ-ਮੁਹਰਾ ਸਵਾਰਨ ਤੇ ਸ਼ਿੰਗਾਰਨ ਲਈ ਆਪਣੇ ਵਲੋਂ ਲੋੜੀਂਦੇ ਸੁਝਾਅ ਦੇ ਕੇ ਮੈਨੂੰ ਆਪਣਾ ਕ੍ਰਿਤਗਯ ਬਣਾਇਆ ਹੈ।

(ਅ)੧. ਗਿ: ਦਰਸ਼ਨ ਸਿੰਘ ਜੀ ਸੈਦਪੁਰ (ਕਪੂਰਥਲਾ)

੨. ਗਿ: ਪੂਰਨ ਸਿੰਘ ਜੀ 'ਪਾਂਧੀ' ਰਾਮੂੰਵਾਲਾ (ਮੋਗਾ), ਜਿਨ੍ਹਾਂ ਇਸ ਕੋਸ਼ ਦੇ ਮੂਲ ਸ਼ਬਦਾਂ ਅਤੇ ਕੁਝ ਕੁ ਹੇਠ ਦਰਜ ਸਮ-ਅਰਥਕ ਸ਼ਬਦਾਂ ਨੂੰ ਅੱਖਰਾਂ ਤੇ ਮਾਤ੍ਰਾ ਦੇ ਕ੍ਰਮ ਅਨੁਸਾਰ ਕਰਨ ਵਿਚ ਮੇਰਾ ਹੱਥ ਵਟਾਇਆ ਹੈ।

(ੲ) ੧. ਗਿ: ਮਾਨ ਸਿੰਘ ਜੀ ਕੋਕਰੀ ਕਲਾਂ।

੨. ਸ: ਸ਼ਮਸ਼ੇਰ ਸਿੰਘ ਜੀ 'ਅਸ਼ੋਕ',ਜਿਨ੍ਹਾਂ ਨੇ ਜਾਣ ਪਛਾਣ ਅਤੇ ਮੁੱਖ ਸ਼ਬਦ ਲਿਖ ਕੇ ਪੁਸਤਕ ਦੀ ਸ਼ੋਭਾ ਨੂੰ ਚਾਰ-ਚੰਨ ਲਾ ਦਿੱਤੇ ਹਨ।

(ਸ) ੧. ਗਿ: ਪ੍ਰੀਤਮ ਸਿੰਘ ਜੀ ਹੈਡ ਗ੍ਰੰਥੀ ਗੁ: ਸ੍ਰੀ ਦੂਖ ਨਿਵਾਰਣ ਸਾਹਿਬ ਪਟਿਆਲਾ।

੨. ਗਿ: ਮੋਹਨ ਸਿੰਘ ਜੀ ਰਾੜਾ ਸਾਹਿਬ ਜਿਹੜੇ ਇਸ ਕੋਸ਼ ਨੂੰ ਛਾਪਣ ਛਪਵਾਣ ਵਿਚ ਆਪਣਾ ਕੀਮਤੀ ਸਮਾਂ ਦੇ ਕੇ ਮੇਰੇ ਸਹਾਈ ਬਣੇ ਹਨ।

(ਹ) ਮੈਂ ਉਪ੍ਰੋਕਤ ਮਹਾਂਪੁਰਖਾਂ, ਵਿਦਵਾਨਾਂ ਤੇ ਸੱਜਣਾ-ਮਿੱਤਰਾਂ ਦਾ ਹਾਰਦਿਕ ਧੰਨਵਾਦੀ ਹਾਂ।

—ਸੰਪਾਦਕ

ਸਮ ਅਰਥ ਕੋਸ਼

ਦਾ

ਤਤਕਰਾ

ਚਿੰਨ੍ਹ ਤੇ ਸੰਕੇਤ

ਕੋਸ਼ ਵਿਚ ਵਰਤੇ ਗਏ ਚਿੰਨ੍ਹ ਤੇ ਉਨ੍ਹਾਂ ਦੇ ਸੰਕੇਤਾਂ ਦਾ ਵੇਰਵਾ ਹੇਠ ਦੇ ਰਹੇ ਹਾਂ:-

'।' ਡੰਡੀ, ਇਹ ਚਿੰਨ੍ਹ ਹਰ ਸਮ ਅਰਥਕ ਸ਼ਬਦ ਦੇ ਅੰਤ ਵਿਚ ਵਿਚ ਪੂਰੇ ਬਿਸ੍ਰਾਮ ਵਜੋਂ ਵਰਤਿਆ ਹੈ।

[ ] ਇਸ ਚਿੰਨ੍ਹ ਦੇ ਅੰਦਰ ਵਰਗਾਂ ਦੇ ਸੰਖੇਪ ਰੂਪ ਦਿੱਤੇ ਹਨ।

( ) ਇਸ ਚਿੰਨ੍ਹ ਦੇ ਅੰਦਰ ਮੂਲ ਸ਼ਬਦ ਦਾ ਅਰਥ ਜਾਂ ਸੰਖੇਪ ਜਾਣਕਾਰੀ ਦਿੱਤੀ ਗਈ ਹੈ।

★,( ) ਇਨ੍ਹਾਂ ਚਿੰਨ੍ਹਾਂ ਵਾਲੇ ਮੂਲ ਸ਼ਬਦਾਂ ਬਾਰੇ ਪੈਰ ਟੂਕਾਂ ਵਿਚ ਵਿਸ਼ੇਸ਼ ਜਾਣਕਾਰੀ ਦਿੱਤੀ ਗਈ ਹੈ।

ਵਰਗਾਂ ਦੇ ਨਾਵਾਂ ਦੇ ਸੰਖੇਪ ਰੂਪ ਜੋ ਮੂਲ ਸ਼ਬਦਾਂ ਤੋਂ ਬਾਅਦ [ ] ਇਸ ਚਿੰਨ੍ਹ ਦੇ ਅੰਦਰ ਲਿਖੇ ਹਨ ਤੇ ਉਨ੍ਹਾਂ ਦੇ ਪੂਰਨ ਰੂਪ ਹੇਠ ਦੇਂਦੇ ਹਾਂ:-

ਸੰਖੇਪ	ਪੂਰਨ ਰੂਪ	ਸੰਖੇਪ	ਪੂਰਨ ਰੂਪ
ਅਕਾ:	ਅਕਾਸ਼	ਕ੍ਰਿ:	ਕ੍ਰਿਆ
ਅਵ:	ਅਵਤਾਰ	ਕੀ:	ਕੀੜੇ
ਅੰ:	ਅੰਨ	ਕੀਰ:	ਕੀਰਤਨ
ਸੱ: ਖੰ:	ਸੱਚਖੰਡ	ਖ:	ਖਣਿਜ
ਸੱ:	ਸੱਪ	ਖਾ:	ਖਾਰ
ਸਨ:	ਸਨਬੰਧੀ	ਖੇ:	ਖੇਤੀ
ਸਾ:	ਸਾਂਝਾ	ਗ:	ਗਹਿਣਾ
ਸਾ: ਭਾ:	ਸਾਗ ਭਾਜੀ	ਗੰ:	ਗੰਧਿ
ਸੁ:	ਸੁਰਗ	ਜ਼:	ਜ਼ਹਿਰ
ਕ:	ਕਪੜਾ	ਜਾ:	ਜਾਤੀ
ਕਾ:	ਕਾਲ	ਜੰ:	ਜੰਗਲ
ਕਿ:	ਕਿਰਤ	ਜੰ: ਦ:	ਜੰਗਲੀ ਦਵਾਈ

ਸੰਖੇਪ	ਪੂਰਨ ਰੂਪ
ਤੀ:	ਤੀਰਥ
ਤੇ:	ਤੇਲ
ਥਾਂ	ਥਾਂ
ਦਿ:	ਦਿਸ਼ਾ
ਦੁੱ:	ਦੁੱਧ
ਪ:	ਪਸ਼ੂ
ਪਾ:	ਪਾਣੀ
ਪੰ:	ਪੰਛੀ
ਫ:	ਫਲ
ਫੁੱ:	ਫੁੱਲ
ਭਾ:	ਭਾਵ
ਭੋ:	ਭੋਜਨ
ਮ:	ਮਨੁੱਖ
ਮਿ:	ਮਿਠਾਸ
ਮੂ: ਕੰ:	ਮੂਲ ਕੰਦ
ਰੁੱ:	ਰੁੱਖ
ਰਾ:	ਰਾਜ
ਰੋ:	ਰੋਗ
ਵ:	ਵਪਾਰ
ਵਿਸ਼ੇ:	ਵਿਸ਼ੇਸ਼ਣ
ਵਿਦਿ:	ਵਿਦਿਆ

ਜਾਣ-ਪਛਾਣ

ਵੱਲੋਂ:-ਮਾਨ ਸਿੰਘ ਕੋਕਰੀ ਕਲਾਂ

ਵਿਦਵਾਨਾਂ ਨੇ ਭਾਸ਼ਾ ਵਿਗਿਆਨ ਦੇ ਦੋ ਮੁੱਖ ਅੰਗ ਮੰਨੇ ਹਨ- (੧) ਕੋਸ਼ ਤੇ (੨) ਵਿਆਕਰਣ। ਇਸ ਲਈ ਕਿਸੇ ਕੋਸ਼ਕਾਰ ਦਾ ਸਥਾਨ ਕਿਸੇ ਬੋਲੀ ਵਿਚ ਉਸ ਬੋਲੀ ਦੇ ਵਿਆਕਰਣ ਕਰਤਾ ਨਾਲੋਂ ਘੱਟ ਨਹੀਂ ਹੈ। ਜਿਵੇਂ ਸੰਸਾਰ ਵਿਚ ਵਿਆਕਰਣ ਦਾ ਸਭ ਤੋਂ ਪਹਿਲਾ ਸਿਰਜਣਹਾਰ 'ਪਾਣਨੀ' ਰਿਸ਼ੀ ਨੂੰ ਮੰਨਿਆ ਗਿਆ ਹੈ ਇਵੇਂ ਸੁਯੋਗ ਕੋਸ਼ਕਾਰੀ ਦੀ ਸਿਰਜਣਾ ਦਾ ਮੋਢੀ 'ਕਸ਼ਜਪ' ਰਿਸ਼ੀ ਹੋਇਆ ਹੈ। ਆਓ ਇਥੇ ਇਕ ਕੋਸ਼ਕਾਰ ਤੇ ਰਿਸ਼ੀ ਆਤਮਾ (ਹੱਥਲੀ ਪੁਸਤਕ ਸਮ ਅਰਥ ਕੋਸ਼ ਦੇ ਕਰਤਾ) ਨਾਲ ਜਾਣ-ਪਛਾਣ ਕਰਕੇ ਆਪਣੀ ਅਪਾਰ ਖੁਸ਼ੀ ਨੂੰ ਸਾਂਝਿਆਂ ਕਰੀਏ।

ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਦਾ ਜਨਮ ੧੦ ਜੂਨ ੧੯੧੮ ਈ: ਨੂੰ ਪਿਤਾ ਸ: ਮੱਲ ਸਿੰਘ ਜੀ ਦੇ ਘਰ ਸਤਿਕਾਰ ਯੋਗ ਮਾਤਾ ਰਾਮ ਕੌਰ ਜੀ ਤੋਂ ਪਿੰਡ ਵੈਰੋਕੇ, ਤਹਿਸੀਲ ਮੋਗਾ, ਜ਼ਿਲਾ ਫੀਰੋਜ਼ਪੁਰ ਵਿਖੇ ਹੋਇਆ।

ਮੁੱਢਲੀ ਵਿੱਦਿਆ ਤੋਂ ਮਿਡਲ ਤਕ ਦੀ ਪੜ੍ਹਾਈ ਆਪਣੇ ਪਿੰਡ ਵੈਰੋਕੇ, ਚੰਦਨਵਾਂ ਅਤੇ ਮਿਡਲ ਸਕੂਲ ਸੇਖਾ ਕਲਾਂ ਵਿਖੇ ੧੯੩੩ ਈ: ਵਿਚ ਪੂਰੀ ਕੀਤੀ। ਉਨ੍ਹੀਂ ਦਿਨੀਂ ਮਿਡਲ ਸਕੂਲਾਂ ਵਿਚ ਉਰਦੂ ਫ਼ਾਰਸੀ ਦੀ ਪੜ੍ਹਾਈ ਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਸੀ। ਇਹੋ ਹੀ ਕਾਰਨ ਹੈ ਕਿ ਆਪ ਜੀ ਦੀ ਸੂਖਮ ਸੂਝ-ਬੂਝ ਉਰਦੂ ਤੇ ਫ਼ਾਰਸੀ ਸ਼ਾਇਰੀ ਦੀਆਂ ਨਾਜ਼ਨੀਨੀਆਂ ਨੂੰ ਖੂਬ ਸਮਝਦੀ ਹੈ। ਪਰ ਇਕ ਰਿਸ਼ੀ ਆਤਮਾ ਨੂੰ ਸਕੂਲਾਂ ਦੀ ਸੀਮਿਤ ਵਿੱਦਿਆ ਸੰਤੁਸ਼ਟ ਨਾ ਕਰ ਸਕੀ। ਆਪ ਜੀ ਦੇ ਦਿਲ ਦਿਮਾਗ ਅੰਦਰ ਤਾਂ ਬ੍ਰਹਮ-ਗਿਆਨ ਦੀ ਪ੍ਰਾਪਤੀ ਲਈ ਗਗਨੋਂ ਉੱਚੀ ਜਗਿਆਸਾ (Curiosity) ਅੰਗੜਾਈਆਂ ਭੰਨ ਰਹੀ ਸੀ। ਇਸ ਜਗਿਆਸਾ ਦੇ ਫਲਸਰੂਪ ਹੀ ਆਪ ਜੀ ਨੇ ਘਰ-ਬਾਰ ਤਿਆਗ ਸਾਧੂ ਬ੍ਰਿਤੀ ਧਾਰ ਕੇ ਕਈਆਂ ਸਾਧੂਆਂ ਪਾਸੋਂ ਵੇਦਾਂਤ, ਨੀਤੀ ਤੇ ਵਿਚਾਰ ਦੇ ਪੁਸਤਕ, ਚਾਣਕਿਆ ਰਾਜਨੀਤ, ਸਾਰੁਕਤਾਵਲੀ, ਭਾਵਰ ਸਾਮ੍ਰਿਤ, ਵਿਚਾਰ ਮਾਲਾ, ਪ੍ਰਬੋਧ ਚੰਦ੍ਰ ਨਾਟਕ, ਵੈਰਾਗ ਸ਼ੱਤਕ ਦੇ ਵਿਚਾਰ ਸਾਗਰ ਆਦਿ ਨੂੰ ਅਰਥਾਂ ਨਾਲ ਪੜ੍ਹਿਆ, ਵਿਚਾਰਿਆ ਤੇ ਘੋਖਿਆ।

ਵੇਦਾਂਤ ਦੀ ਮਾਰੂਥਲ ਵਰਗੀ ਖੁਸ਼ਕ ਪੜ੍ਹਾਈ ਪਿਛੋਂ ਆਪ ਜੀ ਦਾ ਮਨ ਗੁਰਬਾਣੀ ਦੀ ਮਾਨਸਰੋਵਰ ਝੀਲ ਵੱਲ ਪ੍ਰੇਰਿਆ ਗਿਆ। ਇਸ ਝੀਲ ਦੇ ਸ਼ਾਂਤ ਤੇ

ਨਿਰਮਲ ਪਾਣੀਆਂ ਵਿਚ ਆਪ ਜੀ ਦੀ ਸੂਖਮ ਬਿਰਤੀ ਨੇ ਸਾਰੇ ਬ੍ਰਹਿਮੰਡ ਦਾ ਸੂਖਮ ਗਿਆਨ ਤੱਕਿਆ ਤੇ ਆਪਣੀ ਜਗਿਆਸਾ ਦੇ ਪੰਖੇਰੂ ਨੂੰ ਇਸ ਸ਼ਾਂਤ ਤੇ ਵਿਸਮਾਦ-ਮਈ ਵਾਯੂ-ਮੰਡਲ ਵਿਚ ਟਿਕਾ ਲਿਆ।

ਹੁਣ ਇਸ ਝੀਲ (ਗੁਰਬਾਣੀ) ਦੇ ਡੂੰਘੇ ਪਾਣੀਆਂ ਵਿਚ ਟੁੱਭਾ ਲਾਉਣ ਤੋਂ ਪਹਿਲਾਂ ਕਿਸੇ ਤਜਰਬਾਕਾਰ ਗੋਤਾਖੋਰ (Experienced) ਉਸਤਾਦ ਦੀ ਲੋੜ ਮਹਿਸੂਸ ਹੋਈ। ਉਨ੍ਹਾਂ ਦੀ ਇਹ ਲੋੜ ਵੀ ਕੁਦਰਤ ਨੇ ਅਛੋਪਲੇ ਹੀ ਪੂਰੀ ਕਰ ਦਿੱਤੀ। ਨੇੜੇ ਹੀ ਗੁਰਮਤਿ ਵਿੱਦਿਆ ਦੀ ਪ੍ਰਮੁਖ ਟਕਸਾਲ ਭਿੰਡਰਾਂ ਦੇ ਵਰਤਮਾਨ ਸੰਚਾਲਕ ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦੀ ਗੁਰਮੁਖਿ ਸੰਗਤ ਨਾਲ ਜਾ ਜੁੜੇ। ਇਥੋਂ ਹੀ ਅਸਲ ਵਿਚ ਸਮ ਅਰਥ ਕੋਸ਼ ਦਾ (Conception) ਤਸੱਵਰ ਬੱਝਾ ਹੈ।

ਸੰਨ ੧੯੩੯ ਈ: ਤੋਂ ੧੯੪੪ ਈ: ਤਕ ਆਪ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀ ਬਾਣੀ, ਨਾਨਕ ਪ੍ਰਕਾਸ਼, ਗੁਰ ਪ੍ਰਤਾਪ ਸੂਰਜ ਤੇ ਪੰਥ ਪ੍ਰਕਾਸ਼ ਆਦਿ ਗੁਰਮਤਿ ਸਾਹਿਤ ਦੇ ਗ੍ਰੰਥਾਂ ਨੂੰ ਬੜੀ ਨੀਝ ਤੇ ਪੜਚੋਲਵੀਂ ਨਜ਼ਰ ਨਾਲ ਵਾਚਿਆ ਤੇ ਜ਼ਰੂਰੀ ਨੋਟ ਲਏ। ਨਾਲ-ਨਾਲ ਅਨਜਮਤ ਦੀ ਵਾਕਫੀਅਤ ਲਈ ਰਾਮਾਇਣ, ਹਨੂੰਮਾਨ ਨਾਟਕ, ਪੰਚਦਸੀ ਅਤੇ ਮੋਖ ਪੰਥ ਆਦਿ ਪੁਸਤਕਾਂ ਨੂੰ ਵੀ ਸੰਤਾਂ ਪਾਸੋਂ ਬੜੇ ਸ਼ੌਕ ਨਾਲ ਵਿਚਾਰਿਆ।

ਇਸ ਤੋਂ ਉਪ੍ਰੰਤ ਜਿਥੋਂ ਕਿਤੋਂ ਵੀ ਉਨ੍ਹਾਂ ਨੂੰ ਕੋਈ ਚੰਗੀ ਪੁਸਤਕ ਮਿਲੀ ਉਹਨਾਂ ਨੇ ਬੜੀ ਨੀਝ ਨਾਲ ਪੜ੍ਹੀ ਤੇ ਘੋਖੀ। ਮੈਨੂੰ ਚੰਗੀ ਤਰ੍ਹਾਂ ਚੇਤੇ ਹੈ ਕਿ ਇਕ ਵਾਰ ਉਨ੍ਹਾਂ ਨੇ ਮੇਰੀ ਰੱਦੀ ਲਾਇਬਰੇਰੀ ਵਿਚੋਂ 'ਮਾਨ ਮੰਜਰੀ' ਤੇ ਕੁਝ ਹੋਰ ਪੁਸਤਕਾਂ ਜੋ ਮੈਨੂੰ ਆਪਣੇ ਬਜ਼ੁਰਗਾਂ ਤੋਂ ਵਿਰਸੇ ਵਿਚ ਮਿਲੀਆਂ ਸਨ, ਲੱਭ ਕੇ ਆਪਣੇ ਗਿਆਨ ਭੰਡਾਰ 'ਚ ਵਾਧਾ ਕੀਤਾ।

ਸੰਨ ੧੯੪੪ ਤੋਂ ੧੯੫੮ ਤਕ ਚੌਦਾਂ ਸਾਲ ਲਗ-ਭਗ ਡੇਢ ਦਰਜਨ ਸਿੱਖ ਵਿਦਿਆਰਥੀਆਂ ਨੂੰ ਨਾਲ ਲੈ ਕੇ ਪੰਜਾਬ ਅਤੇ ਭਾਰਤ ਭਰ ਦੇ ਹੋਰ ਪ੍ਰਸਿੱਧ ਨਗਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰ ਪ੍ਰਤਾਪ ਸੂਰਜ ਦੀ ਰਸ-ਭਿੰਨੀ ਕਥਾ ਰਾਹੀਂ ਸੰਗਤਾਂ ਅੰਦਰ ਗੁਰਮਤਿ ਸਿਧਾਂਤਾਂ ਦੀ ਰੌਸ਼ਨੀ ਖਿਲਾਰਦੇ ਰਹੇ ਤੇ ਨਾਲ-ਨਾਲ ਅੰਮ੍ਰਿਤ ਸੰਚਾਰ ਵੀ ਕਰਦੇ ਰਹੇ।

ਸੰਨ ੧੯੪੮ ਵਿਖੇ ਉਨ੍ਹਾਂ ਦੇ ਮੇਰੇ ਵਰਗੇ ਕਈ ਹੋਰ ਵਿਦਿਆਰਥੀਆਂ ਨੇ ਉਨ੍ਹਾਂ ਨੂੰ 'ਗਿਆਨੀ' ਦਾ ਇਮਤਿਹਾਨ ਦੇਣ ਲਈ ਪ੍ਰਾਰਥਨਾ ਕੀਤੀ।

ਇਨ੍ਹਾਂ ਸੀਮਿਤ ਇਮਤਿਹਾਨਾਂ ਵੱਲ ਆਪ ਜੀ ਦੀ ਕੋਈ ਰੁਚੀ ਨਹੀਂ ਸੀ, ਪਰ

ਸਾਡੇ ਵਧੇਰੇ ਜ਼ੋਰ ਦੇਣ 'ਤੇ ਕਿ ਤੁਸੀਂ ਆਪਣੇ ਲਈ ਨਾ ਸਹੀ, ਅਸਾਡੀ ਖਾਤਿਰ ਹੀ ਇਹ ਤਕਲੀਫ ਉਠਾ ਲਓ। ਆਪ ਜੀ ਮੰਨ ਗਏ ਤੇ ਸਾਡੇ ਨਾਲ ਹੀ ਗਿਆਨੀ ਦਾ ਇਮਤਿਹਾਨ ਦੇ ਦਿੱਤਾ। ਜਾਣ ਪਛਾਣ ਵਾਲੇ ਸੱਜਣ ਇਹ ਜਾਣ ਕੇ ਹੈਰਾਨ ਰਹਿ ਗਏ ਜਦੋਂ ਆਪ ਬਿਨਾਂ ਕਿਸੇ ਖਾਸ ਤਰੱਦਦ ਦੇ ੪੨੬ ਨੰਬਰ ਲੈ ਕੇ ਪੰਜਾਬ ਭਰ ਵਿਚੋਂ ਦੂਜੇ ਨੰਬਰ 'ਤੇ ਰਹੇ।

੧੯੫੭-੫੮ ਈ: ਦੀ ਗੱਲ ਹੈ ਕਿ ਜਦੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿੱਖ ਧਰਮ ਦੀ ਸਭ ਤੋਂ ਉੱਚ ਪਦਵੀ 'ਗ੍ਰੰਥੀ' ਦੀ ਸੇਵਾ ਲਈ ਖਾਲੀ ਜਗ੍ਹਾ ਪੁਰ ਕਰਨ ਬਾਰੇ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਵੱਲੋਂ ਸਿਫਾਰਸ਼ਾਂ ਦੀ ਮੰਗ ਕੀਤੀ ਗਈ। ਮੈਨੂੰ ਇਸ ਗੱਲ ਦਾ ਬੇਹੱਦ ਫ਼ਖ਼ਰ ਹੈ ਕਿ ਮੈਂ ਇਸ ਸਮੇਂ ਇਕ ਪਾਸੇ ਸ੍ਰੀ ਹਰਿਮੰਦਰ ਸਾਹਿਬ ਵਿਖੇ 'ਗ੍ਰੰਥੀ' ਦੀ ਪਦਵੀ ਦੀ ਸਰਵੋਤਮ ਮਹਾਨਤਾ (Supreme Importance) ਤੇ ਦੂਜੇ ਪਾਸੇ ਆਪ ਜੀ ਦੀ ਵਿੱਦਿਅਕ ਯੋਗਤਾ ਤੇ ਸਦਾਚਾਰਕ ਉੱਚਤਾ ਨੂੰ ਪਛਾਣਦਿਆਂ ਆਪ ਜੀ ਨੂੰ ਇਸ ਮਹਾਨ ਪਦਵੀ ਦੀ ਸੇਵਾ ਸੰਭਾਲਣ ਲਈ ਪ੍ਰਾਰਥਨਾ ਕੀਤੀ। ਹਰ ਜਮਾਂਦਰੂ ਕਲਾਕਾਰ ਤੇ ਸੱਚੇ ਵਿਦਵਾਨ ਵਾਂਗ ਆਪ ਜੀ ਦਾ ਨੌਕਰੀ ਤੋਂ ਸੰਕੋਚ ਸੁਭਾਵਕ ਸੀ। ਪਰ ਮੇਰੇ ਵਰਗੇ ਕਈ ਹੋਰ ਸੱਜਣਾਂ, ਜਿਨ੍ਹਾਂ ਵਿਚ ਹਜ਼ੂਰੀ ਰਾਗੀ ਗਿਆਨੀ ਸ਼ੇਰ ਸਿੰਘ ਜੀ ਵੀ ਇਕ ਹਨ, ਦੇ ਜ਼ੋਰ ਪਾਉਣ 'ਤੇ ਆਪ ਇਸ ਪਵਿੱਤ੍ਰ ਪਦਵੀ ਦੀ ਸੇਵਾ ਨਿਭਾਉਣ ਲਈ ਰਜ਼ਾਮੰਦ ਹੋ ਗਏ। ਬੱਸ ਫਿਰ ਕੀ ਸੀ (Interviewers) (ਇੰਟਰਵੀਊ ਲੈਣ ਵਾਲੇ) ਵਿਦਵਾਨ ਆਪਣੇ ਸਾਹਮਣੇ ਦਰਮਿਆਨੇ ਕੱਦ ਦੀ ਗੋਰੀ ਤੇ ਪਤਲ ਚੰਮੀ (Sensitive) ਸ਼ਖਸੀਅਤ ਨੂੰ ਵੇਖ ਕੇ ਡੂੰਘੇ ਪ੍ਰਭਾਵਿਤ ਹੋਣੋਂ ਨਾ ਰਹਿ ਸਕੇ। ਐਉਂ ਆਪ ਸਿੱਖ ਧਰਮ ਦੀ ਸਭ ਤੋਂ ਉੱਚੀ ਪਦਵੀ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਨਿਯੁਕਤ ਹੋ ਗਏ। ਉਸ ਸਮੇਂ ਤੋਂ ਆਪ ਇਸ ਸਰਵ ਸ੍ਰੇਸ਼ਟ ਪਦਵੀ ਦੇ ਸਰਵੋਤਮ (Supreme) ਫਰਜ਼ਾਂ ਨੂੰ ਪੂਰੀ ਨਿੱਡਰਤਾ, ਤੇ ਨਿਰਪੱਖਤਾ ਨਾਲ ਨਿਭਾ ਰਹੇ ਹਨ। ਸੰਨ ੧੯੬੩ ਤੋਂ ੬੫ ਤਕ ਇਸ ਮਹਾਨ ਪਦਵੀ ਦੇ ਨਾਲ-ਨਾਲ ਸ੍ਰੀ ਅਕਾਲ ਤਖਤ ਸਾਹਿਬ ਦੀ ਜੱਥੇਦਾਰੀ ਦੇ ਫਰਜ਼ਾਂ ਨੂੰ ਵੀ ਬੜੀ ਯੋਗਤਾ ਨਾਲ ਨਿਭਾਉਂਦੇ ਰਹੇ ਹਨ।

ਜਿੱਥੇ ਆਪ ਜੀ ਦੀ ਸਰੀਰਕ ਰਚਨਾ (Physical construction) ਸ਼ੀਸ਼ੇ ਵਾਂਗ ਚਮਕੀਲੀ ਤੇ ਸੂਖਸ਼ਮ ਹੈ ਉਥੇ ਆਪ ਜੀ ਦੀ ਮਾਨਸਿਕ ਰਚਨਾ (Mental construction) ਸਦਾਚਾਰਿਕ ਤੇ ਸਿੱਖੀ ਅਸੂਲਾਂ ਉਤੇ ਹੀਰੇ ਵਾਂਗ ਸਖਤ ਤੇ ਸੁਦ੍ਰਿੜ੍ਹ ਹੈ।

'ਕਵੀ ਕੁਦਰਤ ਦਾ ਕਮਾਲ ਹੈ।' ਪਰ ਕਵੀ ਨੂੰ ਕਮਾਲੀਅਤ ਤਕ ਪਹੁੰਚਾਉਣ ਵਿਚ ਕੋਸ਼ਾਕਾਰ ਦਾ ਭਾਰੀ ਹੱਥ ਹੁੰਦਾ ਹੈ, ਜਾਂ ਇਉਂ ਕਹਿ ਲਉ 'ਕਵੀ' ਤੇ 'ਕੋਸ਼ਕਾਰ'

ਦੀ ਬੜੀ ਨੇੜੇ ਦੀ ਸਾਂਝ ਹੁੰਦੀ ਹੈ। ਸ਼ਬਦ ਚੋਣ ਤੇ ਸ਼ਬਦਾਰਥ ਦੋਹਾਂ ਦੀ ਸਾਂਝੀ ਮਲਕੀਅਤ ਹਨ।

ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਬੁਨਿਆਦੀ ਤੌਰ 'ਤੇ ਕਵੀ ਹਨ। ਪਹਿਲੇ ਪਹਿਲ ਆਪ ਜੀ ਦੀਆਂ ਕੁਝ ਧਾਰਮਿਕ ਕਵਿਤਾਵਾਂ ਬ੍ਰਿਜ ਭਾਸ਼ਾ ਵਿਚ ਅਤੇ ਪਿਛੋਂ ਕੁਝ ਕਵਿਤਾਵਾਂ ਪੰਜਾਬੀ ਵਿਚ ਛਪੀਆਂ ਸਨ। ਅਨੁਪ੍ਰਾਂਸ ਆਪ ਜੀ ਦੀ ਕਵਿਤਾ ਦਾ ਵਿਸ਼ੇਸ਼ ਚਮਤਕਾਰ ਹੈ। ਭਾਵੇਂ ਆਪ ਕਾਵਿ ਖੇਤਰ ਵਿਚ ਵਧੇਰੇ ਸਮਾਂ ਨਹੀਂ ਵਿਚਰੇ ਫਿਰ ਵੀ ਆਪ ਜੀ ਦਾ ਕਵਿਤਾ ਤੇ ਜੀਵਨ ਬਾਰੇ ਗਿਆਨ ਕਿਸੇ ਮਹਾਂ ਕਵੀ ਜਾਂ ਅਚਾਰਵੰਤ ਕਵੀ ਨਾਲੋਂ ਘੱਟ ਨਹੀਂ ਹੈ। ਮੇਰੇ ਵਰਗੇ ਦਰਜਨਾਂ ਕਵੀਆਂ, ਲੇਖਕਾਂ, ਗਿਆਨੀਅ,ਤੇ ਕਥਾ ਵਾਚਕਾਂ ਦੇ ਆਪ ਉਸਤਾਦ ਹਨ।

ਕਵਿਤਾ ਪਿਛੋਂ ਪੜਚੋਲ (Criticism) ਦਾ ਪੜਾਅ ਆਉਂਦਾ ਹੈ। ਕਈ ਕੌਮਾਂਤਰੀ ਸ਼ੁਹਰਤ (International Fame) ਦੇ ਬੰਦੇ ਵੀ ਕਵਿਤਾ ਛੱਡ ਕੇ ਪੜਚੋਲ ਵੱਲ ਆਪਣਾ ਰੁਖ ਪਰਤ ਲੈਂਦੇ ਹਨ। ਸਿੰਘ ਸਾਹਿਬ ਜੀ ਨੇ ਵੀ ਆਪਣਾ ਰੁਖ ਪੜਚੋਲ ਵੱਲ ਪਰਤਿਆ। ਪਰ ਇਹ ਪੜਚੋਲ ਪੰਜਾਬੀ ਕਿੱਸਿਆਂ ਦੀ ਪੜਚੋਲ ਨਹੀਂ, ਸਗੋਂ ਸਿੱਖ ਇਤਿਹਾਸ ਦੇ ਇਕ ਮਹਾਨ ਇਤਿਹਾਸਕਾਰ ਦੇ ਬ੍ਰਿਜ ਭਾਸ਼ਾ ਦੇ ਮਹਾਂ ਕਵੀ ਅਤੇ ਨਵੀਨ ਪੰਜਾਬੀ ਵਾਰਤਕ ਦੇ ਜਨਮ ਦਾਤਾ ਗਿਆਨੀ ਗਿਆਨ ਸਿੰਘ ਜੀ ਤੇ ਉਨ੍ਹਾਂ ਦੀਆਂ ਦੋ ਮਹਾਨ ਰਚਨਾਵਾਂ ਸ੍ਰੀ ਗੁਰੂ ਪੰਥ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖਾਲਸਾ ਦੀ ਪੜਚੋਲ ਹੈ। ਤਵਾਰੀਖ ਚੋਂ 'ਗੁਰੂ ਨਾਨਕ ਜੀਵਨ' ਜੋ ਆਪ ਨੇ ਸੰਪਾਦਿਤ ਕੀਤਾ ਹੈ, ਸ਼੍ਰੋ: ਗੁ: ਪ੍ਰਬੰਧਕ ਕਮੇਟੀ ਵੱਲੋਂ ਬਣੀ, ਗੁਰੂ ਨਾਨਕ ੫੦੦ ਸੌ ਸਾਲਾ ਪ੍ਰਕਾਸ਼ ਉਤਸ਼ਵ ਕਮੇਟੀ ਵਲੋਂ ਛਾਪਿਆ ਜਾ ਰਿਹਾ ਹੈ। ਪੰਥ ਪ੍ਰਕਾਸ਼ ਸਬੰਧੀ ਆਪ ਜੀ ਦੇ ਇਹ 'ਪੜਚੋਲ ਪ੍ਰਸਤਾਵ' ਗੁਰਮਤਿ ਪ੍ਰਕਾਸ਼ ਵਿਚ ਛਪਦੇ ਰਹੇ ਹਨ, ਇਨ੍ਹਾਂ ਪ੍ਰਸਤਾਵਾਂ ਨੂੰ ਪੜ੍ਹਨ ਵਾਲੇ ਸੱਜਣ ਇਹ ਅਨੁਭਵ ਕਰ ਸਕਦੇ ਹਨ ਕਿ ਕੋਈ (Doctorate) (ਡਾਕਟੋਰੇਟ) ਦੀ ਡਿਗਰੀ ਲੈਣ ਵਾਲਾ ਵਿਦਿਆਰਥੀ ਵੀ ਉਸ ਪਾਏ ਦੀ ਤਪੱਸਿਆ ਤੇ ਸਫਲਤਾ ਨੂੰ ਨਹੀਂ ਛੁਹ ਸਕਦਾ।

ਉਪ੍ਰੋਕਤ ਪੁਸਤਕਾਂ ਪੰਥ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖਾਲਸਾ ਰਚਿਤ ਗਿਆਨੀ ਗਿਆਨ ਸਿੰਘ ਨੂੰ ਸੰਪਾਦਿਤ ਕਰਨ ਤੋਂ ਇਲਾਵਾ ਆਪ ਜੀ ਨੇ ਲਗ-ਭਗ ਅੱਧੀ ਦਰਜਨ ਪੁਸਤਕਾਂ ਦੇ ਵਿਦਵਤਾ ਤੇ ਖੋਜ ਭਰਪੂਰ ਮੁਖ-ਬੰਧ ਲਿਖੇ ਹਨ। ਇਨ੍ਹਾਂ ਵਿਚੋਂ 'ਗੁਰਬਾਣੀ ਪਾਠ ਦਰਸ਼ਨ' ਤੇ 'ਗੁਰਮੁਖ ਪ੍ਰਕਾਸ਼' ਦੇ ਮੁਖ-ਬੰਧ ਕੇਵਲ ਪੜ੍ਹਨ ਨਾਲ ਹੀ ਸਬੰਧ ਰੱਖਦੇ ਹਨ।

ਇਕ ਜਮਾਂਦਰੂ ਕੋਸ਼ਕਾਰ ਵਾਂਗ ਆਪ ਜੀ ਨੂੰ ਸ਼ਬਦ ਰਚਨਾ ਦੇ ਮੂਲ ਦੀ ਬੜੀ

ਤੀਖਣ ਸੂਝ ਹੈ। ਵਿਦਿਆਰਥੀ ਕਾਲ ਵਿਚ ਇਕ ਵਾਰ ਮੈਂ ਉਨ੍ਹਾਂ ਪਾਸੋਂ 'ਵਬਾ' ਸ਼ਬਦ ਦੀ 'ਵਜੁਤਪੱਤੀ' ਬਾਰੇ ਪੁੱਛਿਆ ਤਾਂ ਆਪ ਨੇ ਬੜੀ ਫੁਰਤੀ ਨਾਲ ਸਮਝਾਇਆ ਕਿ 'ਵ' ਹਵਾ ਦੇ ਅੰਤਲੇ ਤੇ 'ਬ' ਬੀਮਾਰੀ ਦੇ ਮੁੱਢਲੇ ਅੱਖਰ ਦੇ ਜੋੜ ਤੋਂ ਬਣਿਆ ਹੈ, ਜਿਸ ਦਾ ਅਰਥ ਹੈ 'ਹਵਾ ਨਾਲ ਫੈਲਣ ਵਾਲੀ ਬੀਮਾਰੀ।' ਕਈ ਵਰ੍ਹਿਆਂ ਪਿਛੋਂ ਮੇਰੇ ਦੋ ਲੈਕਚਰਾਰ ਮਿੱਤਰ, ਦੋ ਅੰਗ੍ਰੇਜ਼ੀ ਸ਼ਬਦਾਂ Plebiscite ਤੇ Referendum ਬਾਰੇ ਬਹਿਸ ਕਰਦੇ ਹੋਏ ਇਸ ਸਿੱਟੇ ਤੇ ਪੁੱਜੇ ਕਿ ਦੋਹਾਂ ਸ਼ਬਦਾਂ ਦਾ ਇਕੋ ਹੀ ਅਰਥ ਹੈ। ਅਖੀਰ ਉਹਨਾਂ ਨੇ ਮੇਰੀ ਸਹੀ ਪੁਆਉਣੀ ਚਾਹੀ, ਮੈਂ ਫੌਰਨ 'ਵਬਾ' ਸ਼ਬਦ ਦੀ ਬਣਤਰ ਦੇ ਪੂਰਬ ਗਿਆਨ ਦਾ ਸਹਾਰਾ ਲੈ ਕੇ ਕਿਹਾ ਕਿ (Plebiscite) ਦਾ ਮਤਲਬ (Public opinion) ਜਨਤਾ ਦੀ ਰਾਇ ਅਤੇ (Referendum) ਦਾ ਮਤਲਬ (Representatives opinion) ਚੋਣਵੇਂ ਪ੍ਰਤਿਨਿਧਾਂ ਦੀ ਰਾਇ ਹੈ। ਦੋਵੇਂ ਸੱਜਣ ਮੇਰੀ ਇਸ Distinction (ਵਖਰੱਤ) ਤੋਂ ਇੰਨੇ ਪ੍ਰਭਾਵਿਤ ਹੋਏ ਕਿ ਜਦ ਤਕ ਅਸੀਂ ਇਕੱਠੇ ਰਹੇ ਉਹ ਅੰਗ੍ਰੇਜ਼ੀ ਦੀ ਆਪਣੀ ਹਰ ਲਿਖਤ ਮੈਨੂੰ ਵਿਖਾ ਕੇ ਮੇਰੀ ਰਾਇ ਲੈਂਦੇ ਰਹੇ। ਪਰ ਮੈਂ ਇਹ ਸਿੰਘ ਸਾਹਿਬ ਜੀ ਦੇ ਬਖਸ਼ੇ ਗਿਆਨ ਦਾ ਕ੍ਰਿਸ਼ਮਾ ਸਮਝਦਾ ਹਾਂ।

ਮੁੱਕਦੀ ਗੱਲ ਆਪ ਜੀ ਦੀ ਹਰਮਨ ਪਿਆਰੀ ਸ਼ਖਸੀਅਤ, ਇਕ ਕਵੀ, ਕਥਾਕਾਰ, ਕੋਸ਼ਕਾਰ ਤੇ (Critic) (ਆਲੋਚਕ) ਦੇ ਮਿਸ਼ਰਣ ਤੋਂ ਇਲਾਵਾ ਸੁਦ੍ਰਿੜ੍ਹ ਆਚਾਰਵੰਤ, ਤੇ 'ਸਿੰਘ ਸਾਹਿਬੀ' ਦੇ ਮਹਾਨ ਸਤਿਕਾਰ ਦੀ ਸੁਯੋਗ ਪਾਤਰ ਹੈ।

ਸਮ ਅਰਥ ਕੋਸ਼ ਦੀ ਮਹਾਨਤਾ ਬਾਰੇ ਮੈਂ ਕੇਵਲ ਇਹੀ ਕਹਾਂਗਾ ਕਿ ਪਾਠਕ ਸਿਰਫ, ਹਾਸਾ, ਹਵਾ ਤੇ ਕਲਾ ਦੀ ਜਾਣਕਾਰੀ ਹੀ ਵੇਖ ਲੈਣ। ਇਹੋ ਜੇਹੀ ਜਾਣਕਾਰੀ ਕੋਈ (Ensyclopedia) ਹੀ ਦੇ ਸਕਦਾ ਹੈ। 'ਵਰਗ ਵੰਡ' ਦੀ ਸਕੀਮ ਸ਼ਾਇਦ ਪੰਜਾਬੀ ਕੋਸ਼ਕਾਰੀ ਵਿਚ ਬਿਲਕੁਲ ਨਵੀਨ ਤੇ ਅਦੁੱਤੀ ਹੋਵੇਗੀ।

ਅੰਤ ਵਿਚ ਮੈਂ ਆਪਣੀ ਸਮੁੱਚੀ ਕੌਮ ਨੂੰ ਗਿਲਾ ਕੀਤੇ ਬਿਨਾਂ ਨਹੀਂ ਰਹਿ ਸਕਦਾ, ਚਾਹੀਦਾ ਤਾਂ ਇਹ ਸੀ ਕਿ ਇਹੋ ਜਿਹੀਆਂ ਮਿਹਨਤ ਭਰਪੂਰ ਰਚਨਾਵਾਂ ਪੰਜਾਬੀ ਯੂਨੀਵਰਸਿਟੀ ਜਾਂ ਘੱਟੋ-ਘੱਟ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਛਾਪਦੀ। ਪਰ ਬੜੇ ਦੁੱਖ ਦੀ ਗੱਲ ਹੈ ਕਿ ਇਨ੍ਹਾਂ ਦੋਹਾਂ ਸੰਸਥਾਵਾਂ ਨੇ ਹੀ ਆਪਣੇ ਪਵਿੱਤ੍ਰ ਫਰਜ਼ਾਂ ਨੂੰ ਪਛਾਨਣ ਤੋਂ ਕੋਤਾਹੀ ਕੀਤੀ ਹੈ।

ਪਿਆਰ ਤੇ ਸਤਿਕਾਰ ਨਾਲ:-

ਮਾਨ ਸਿੰਘ ਕੋਕਰੀ ਕਲਾਂ

ਮੁੱਖ ਸ਼ਬਦ

(ਵੱਲੋਂ:-ਸ: ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਰੀਸਰਚ ਸਕਾਲਰ,
ਸਿੱਖ ਇਤਿਹਾਸ ਰੀਸਰਚ ਬੋਰਡ (ਸ਼੍ਰੋ: ਗੁ: ਪ੍ਰ: ਕਮੇਟੀ), ਅੰਮ੍ਰਿਤਸਰ।

ਪੰਜਾਬੀ ਬੋਲੀ ਵਿਚ ਭਾਵੇਂ ਸ਼ਬਦ ਕੋਸ਼ ਕਿਤਨੇ ਹੀ ਲਿਖੇ ਗਏ ਹਨ, ਜਿਵੇਂ ਗੁਰੂ ਗ੍ਰੰਥ ਕੋਸ਼ (ਸਾਧੂ ਬਿਸ਼ਨ ਦਾਸ, ਉਦਾਸੀ), ਗੁਰੂ ਗਿਰਾਰਥ ਕੋਸ਼ (ਪੰਡਿਤ ਤਾਰਾ ਸਿੰਘ, ਨਰੋਤਮ), ਸ੍ਰੀ ਗੁਰੂ ਗ੍ਰੰਥ ਕੋਸ਼ (ਗਿਆਨੀ, ਹਜ਼ਾਰਾ ਸਿੰਘ), ਪੰਜਾਬੀ ਅੰਗਰੇਜ਼ੀ ਕੋਸ਼ (ਲੁਧਿਆਣਾ ਮਿਸ਼ਨ,ਪੰਜਾਬੀ ਅੰਗ੍ਰੇਜ਼ੀ ਕੋਸ਼ (ਮੱਯਾ ਸਿੰਘ), ਪੰਜਾਬੀ ਸ਼ਬਦ ਭੰਡਾਰ (ਬਿਸ਼ਨ ਦਾਸ ਪੁਰੀ), ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ (ਭਾਈ ਕਾਨ੍ਹ ਸਿੰਘ, ਨਾਭਾ), ਪੰਜਾਬੀ ਕੋਸ਼ (੩ ਜਿਲਦਾਂ ਵਿਚ) ਭਾਸ਼ਾ ਵਿਭਾਗ ਪੰਜਾਬ ਪਟਿਆਲਾ, ਪੰਜਾਬੀ ਹਿੰਦੀ ਕੋਸ਼, ਪੰਜਾਬੀ ਮੁਹਾਵਰਾ ਕੋਸ਼ (ਪੰਜਾਬੀ ਯੂਨੀਵਰਸਟੀ), ਪੰਜਾਬੀ ਸ਼ਬਦ ਜੋੜ ਕੋਸ਼ (ਪ੍ਰੋਫੈਸਰ ਪਿਆਰਾ ਸਿੰਘ ਐਮ. ਏ.) ਪੰਜਾਬੀ ਪ੍ਰਯਾਯ ਕੋਸ਼ (ਪੰਜਾਬੀ ਯੂਨੀਵਰਸਿਟੀ) ਆਦਿ, ਪਰ, ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਕ੍ਰਿਤ 'ਸਮ ਅਰਥ ਕੋਸ਼' ਇਸ ਪੱਖ ਤੋਂ ਆਪਣੀ ਕਿਸਮ ਦੀ ਨਿਰਾਲੀ ਤੇ ਵਿਦਵਤਾ ਭਰਪੂਰ ਰਚਨਾ ਹੈ, ਜਿਸ ਦੀ ਕਦਰ ਕੋਸ਼ ਕਲਾ ਦੇ ਪਾਰਖੂ ਹੀ ਕਰ ਸਕਦੇ ਹਨ।

ਸਾਡੀ ਬੋਲੀ ਵਿਚ ਸ਼ਬਦ-ਕੋਸ਼ ਤਿਆਗ ਕਰਨ ਦਾ ਹੁਨਰ ਸਿੱਧਾ ਦੇਸੀ ਬੋਲੀਆਂ ਰਾਹੀਂ ਆਇਆ ਹੈ, ਜਿਨ੍ਹਾਂ ਬੋਲੀਆਂ ਵਿਚ ਬ੍ਰਿਜ ਭਾਸ਼ਾ, ਹਿੰਦੀ, ਉਰਦੂ ਤੇ ਫ਼ਾਰਸੀ ਮੁੱਖ ਹਨ। ਬ੍ਰਿਜ ਭਾਸ਼ਾ, ਜਾਂ ਹਿੰਦੀ ਵਿਚ ਕੋਸ਼ ਕਲਾ ਸਿੱਧੀ ਸੰਸਕ੍ਰਿਤ ਦੀ ਦੇਣ ਹੈ ਤੇ ਉਰਦੂ ਵਿਚ ਇਸ ਦਾ ਨਿਕਾਸ ਤੇ ਵਿਕਾਸ ਅਰਬੀ ਫ਼ਾਰਸੀ ਰਾਹੀਂ ਹੋਇਆ ਹੈ। ਪੁਰਾਤਨ ਸਮੇਂ ਵਿਚ ਜਿਸ ਨੂੰ ਰਿਗ ਵੇਦਿਕ ਸਮੇਂ ਦਾ ਉੱਤਰ ਕਾਲ ਜਾਂ ਪੁਰਾਣਿਕ ਸਮੇਂ ਦਾ ਪੂਰਬ ਵਰਤੀ ਕਾਲ ਕਿਹਾ ਜਾ ਸਕਦਾ ਹੈ, ਪਹਿਲੋਂ-ਪਹਿਲ ਨਿਘੰਟੂ ਤੇ ਨਿਰੁਕਤ (ਯਾਸਕ) ਨਾਵਾਂ ਥੱਲੇ ਦੋ ਕਿਸਮ ਦੇ ਸ਼ਬਦ ਕੋਸ਼ ਹੋਂਦ ਵਿਚ ਆਏ ਹਨ, ਜੋ ਨਿਰੇ ਸੂਤ੍ਰ ਰੂਪ ਸਨ। ਪਿਛੋਂ ਪੁਰਾਣਿਕ ਜਾਂ ਬ੍ਰਾਹਮਣੀ ਕਾਲ ਵਿਚ ਜਦ ਸੰਸਕ੍ਰਿਤ ਬੋਲੀ ਦੀ ਵਧੇਰੇ ਤਰੱਕੀ ਹੋਈ ਤਾਂ ਇਸ ਵਿਚ ਨਾਮ ਕੋਸ਼, ਅਨੇਕਾਰਥ ਕੋਸ਼, ਕ੍ਰਿਯਾ (Verb) ਅਥਵਾ ਆਖਜਾਤ ਕੋਸ਼-ਆਖਜਾਤ ਚੰਦ੍ਰਿਕਾ (ਕ੍ਰਿਤ ਮਲਿ ਨਾਥ), ਕ੍ਰਿਯਾ ਕਲਾਪ (ਵਿਦਜਾ ਨੰਦ), ਕ੍ਰਿਯਾ ਪ੍ਰਯਾਯ ਦੀਪਿਕਾ (ਵੀਰ ਪਾਂਡਜ), ਕ੍ਰਿਯਾ ਕੋਸ਼ (ਰਾਮ

ਚੰਦ੍ਰ), ਕ੍ਰਿਜਾ ਰਤਨ ਸਮੁੱਚਯ (ਗੁਣ ਰਤਨ ਸੂਰਿ),ਅਮਰ ਕੋਸ਼ (ਅਮਰ ਸਿੰਘ), ਅਭਿਧਾਨ ਚਿੰਤਾਮਣਿ (ਹੇਮ ਚੰਦ੍ਰ), ਦੇਸੀ ਨਾਮ ਮਾਲਾ (ਹੇਮ ਚੰਦ੍ਰ) ਨਾਮ ਮਾਲਾ (ਧਨੰਜਜ) ਸੰਸਕ੍ਰਿਤ ਪਾਰਸੀਕ ਪਦ ਪ੍ਰਕਾਸ਼ (ਕਵਿ ਕਰਣ ਪੂਰ); ਨਾਮ ਮਾਲਿਕਾ (ਰਾਜਾ ਭੋਜ), ਏਕਾਖਰ ਨਾਮ ਕੋਸ਼ (ਮੁਨਿ ਰਮਣੀਕ ਵਿਜਯ), ਕਾਸ਼ਮੀਰ ਸ਼ਬਦਾਮ੍ਰਿਤ (ਈਸ੍ਵਰ ਕੌਲ), ਸ਼ਬਦ ਕਲਪ ਦ੍ਰੁਮ (ਰਾਧਾ ਕਾਂਤ ਦੇਵ), ਵਾਚਸਪਤਜ ਕੋਸ਼ (ਤਾਰਾ ਨਾਥ, ਭੱਟਾਚਾਰਯ) ਆਦਿ ਅਨੇਕਾਂ ਚੰਗੇ ਤੋਂ ਚੰਗੇ ਸ਼ਬਦ ਕੋਸ਼ (ਪਦਜ ਜਾਂ ਗਦਯ ਰੂਪ ਵਿਚ) ਸ਼ਾਮਲ ਹੋ ਗਏ।

ਈਸਾ ਦੀ ਸੋਲ੍ਹਵੀਂ ਸਤਾਰ੍ਹਵੀਂ ਸਦੀ ਵਿਚ ਜਦ ਇਸ ਦੇਸ਼ ਵਿਚ ਬ੍ਰਿਜ ਭਾਸ਼ਾ (ਪੂਰਬੀ ਹਿੰਦੀ) ਨੇ ਜ਼ੋਰ ਫੜਿਆ ਤਾਂ ਵੈਸ਼ਣਵਾਂ ਦੀ ਅਸ਼ਟ ਛਾਪ ਦੇ ਪ੍ਰਸਿੱਧ ਮਹਾਂ ਕਵੀ ਨੰਦ ਦਾਸ ਨੇ,ਜੋ ਬ੍ਰਿਜ ਭੂਮਿ ਦਾ ਵਸਨੀਕ ਸੀ, ਸੰਸਕ੍ਰਿਤ ਕੋਸ਼ਾਂ ਦੀ ਰੀਸੋ-ਰੀਸ ਆਪਣੀ ਮਾਤ-ਭਾਸ਼ਾ ਵਿਚ ਅਨੇਕਾਰਥ ਕੋਸ਼ ਤੇ ਨਾਮ ਮਾਲਾ ਕੋਸ਼ ਕਵਿਤਾ ਦੇ ਪਹਿਰਾਵੇ ਵਿਚ ਲਿਖੇ, ਤਾਂਕਿ ਸਾਹਿੱਤ ਦੇ ਵਿਦਿਆਰਥੀ ਉਨ੍ਹਾਂ ਨੂੰ ਸਹਿਜੇ ਹੀ ਕੰਠ ਕਰਕੇ ਲਾਭ ਉਠਾ ਸਕਣ। ਮਹਾਂ ਕਵੀ ਨੰਦ ਦਾਸ ਤੋਂ ਕੁਝ ਸਮਾਂ ਪਹਿਲਾਂ ਚੂੰਕਿ ਅਮੀਰ ਖੁਸਰੋ ਨੇ, ਜੋ ਕਿ ਤੁਗਲਕ ਕਾਲ ਦਾ ਪ੍ਰਸਿੱਧ ਫ਼ਾਰਸੀ ਕਵੀ ਸੀ, ਹਿੰਦੁਸਤਾਨੀ ਤੇ ਫ਼ਾਰਸੀ ਰਾਹੀਂ ਹਿੰਦੂ ਮੁਸਲਮਾਨਾਂ ਵਿਚ ਏਕਤਾ ਦੀ ਲੀਹ ਕਾਇਮ ਕਰਨ ਲਈ ਖਾਲਿਕ ਬਾਰੀ ਨਾਮੇ ਇਕ ਨਵੀਂ ਕਿਸਮ ਕੇ ਸ਼ਬਦ ਕੋਸ਼ ਦੀ ਰਚਨਾ ਕਰ ਦਿੱਤੀ ਸੀ, ਉਹ ਵੀ ਬੜੀ ਸਰਲ ਤੇ ਸੁਖਾਲੀ ਕਵਿਤਾ ਵਿਚ, ਜਿਸ ਨੂੰ ਵਿਦਿਆਰਥੀ ਸਹਿਜੇ ਹੀ ਯਾਦ ਕਰ ਸਕਣ, ਅਰਥਾਤ :-

'ਖਾਲਿਕ ਬਾਰੇ ਸਿਰਜਨਹਾਰ। ਵਾਹਦ ਏਕ ਵੱਡਾ ਕਰਤਾਰ।'

ਸੋ ਇਸ ਲਈ ਮਹਾਂ ਕਵੀ ਨੰਦ ਦਾਸ ਦੇ ਉਪਰੋਕਤ ਦੋਵੇਂ ਸ਼ਬਦ ਕੋਸ਼, ਜੋ ਨਾਮ ਮਾਲਾ ਤੇ ਅਨੇਕਾਰਥ ਰੂਪ ਵਿਚ ਸੰਸਕ੍ਰਿਤ ਕੋਸ਼ ਕਲਾ ਦੇ ਹੀ ਪ੍ਰਤਿਨਿਧੀ ਸਨ, ਏਨੇ ਮਕਬੂਲਿ ਆਮ ਹੋਏ ਕਿ ਸਿੱਖ ਗੁਰੂਆਂ ਦੇ ਸਮੇਂ ਵਿਚ ਇਨ੍ਹਾਂ ਦੀਆਂ ਨਕਲਾਂ ਦੇਵ-ਨਾਗਰੀ ਤੋਂ ਸਿੱਧੀਆਂ ਗੁਰਮੁਖੀ ਅੱਖਰਾਂ ਵਿਚ ਹੋਣ ਲੱਗ ਪਈਆਂ। ਫੇਰ 17ਵੀਂ,18ਵੀਂ ਤੇ 19ਵੀਂ ਸਦੀ ਵਿਚ ਜਦ ਪਹਿਲਾਂ ਸਿੱਖ ਗੁਰੂਆਂ ਨੇ ਤੇ ਫਿਰ ਸਿੱਖਾਂ ਨੇ ਆਜ਼ਾਦੀ ਦਾ ਝੰਡਾ ਬੁਲੰਦ ਕੀਤਾ ਤਾਂ ਇਹ ਕੋਸ਼ ਕਲਾ ਇਲਮੀਅਤ ਦੀ ਤਰੱਕੀ ਦੇ ਨਾਲ ਹੀ ਹੋਰ ਵੀ ਚਮਕ ਉੱਠੀ। ਚੂੰਕਿ ਇਸ ਦੌਰਾਨ ਵਿਚ ਸ੍ਰੀ ਦਸਮੇਸ਼ ਜੀ ਦੇ ਦਰਬਾਰੀ ਕਵੀ ਟਹਿਕਨ ਨੇ ਅਮਰ ਕੋਸ਼ ਦਾ (ਰਤਨ ਦਾਮ) ਨਾਂ ਹੇਠ ਤੇ ਸਿੱਖ ਰਾਜ ਸਮੇਂ ਮਹਾਂ ਕਵੀ ਭਾਈ ਸੰਤੋਖ ਸਿੰਘ ਨੇ ਇਹੋ ਸ਼ਬਦ ਕੋਸ਼ 'ਨਾਮ ਕੋਸ਼' ਦਾ ਸਿਰਲੇਖ ਦੇ ਕੇ ਬੜੀ ਉਤਕ੍ਰਿਸ਼ਟ ਬੋਲੀ ਵਿਚ ਉਲਟਾ ਕੇ ਪੰਜਾਬੀ ਪਾਠਕਾਂ ਦੇ ਅੱਗੇ ਰੱਖਿਆ।

ਇਸ ਤੋਂ ਪਿਛੋਂ ਸਾਧੂ ਅਮੀਰ ਦਾਸ ਉਦਾਸੀ ਅੰਮ੍ਰਿਤਸਰੀ ਨੇ ਕੋਸ਼ ਕਲਪਦ੍ਰੂਮ, ਸਾਧੂ ਬਿਸ਼ਨ ਦਾਸ ਨੇ ਆਦਿ ਗੁਰੂ ਗ੍ਰੰਥ ਕੋਸ਼, ਪੰਡਿਤ ਤਾਰਾ ਸਿੰਘ ਨਰੋਤਮ ਨੇ ਗੁਰੂ ਗਿਰਾਰਥ ਕੋਸ਼ (ਦੋ ਭਾਗ) ਤੇ ਗਿਆਨੀ ਹਜ਼ਾਰਾ ਸਿੰਘ ਨੇ ਗੁਰੂ ਗ੍ਰੰਥ ਕੋਸ਼ ਦੀ ਰਚਨਾ ਕੀਤੀ। ਬੱਸ, ਫੇਰ ਕੀ ਸੀ, ਬ੍ਰਿਜ ਭਾਸ਼ਾ ਤੋਂ ਠੇਠ ਪੰਜਾਬੀ ਵਿਚ ਕੋਸ਼ ਕਲਾ ਦੇ ਇਸ ਹੁਨਰ ਨੇ ਕਵਿਤਾ ਤੋਂ ਆਜ਼ਾਦ ਹੋ ਕੇ ਤੇ ਗੱਦ ਰੂਪ ਧਾਰਨ ਕਰਕੇ ਜੋ ਤਰੱਕੀ ਕੀਤੀ ਉਹ ਮਹਿਕਮਾ ਪੰਜਾਬੀ, (ਪਟਿਆਲਾ) ਦੇ ਪੰਜਾਬੀ ਕੋਸ਼ ਹਿੰਦੀ-ਪੰਜਾਬੀ ਕੋਸ਼, ਪੰਜਾਬੀ ਵਿਸ਼ਵ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਸ਼ਬਦ ਜੋੜ ਕੋਸ਼, ਪ੍ਰਯਾਯ ਵਿਪ੍ਰਯਾਯ ਕੋਸ਼ ਤੇ ਪੰਜਾਬ ਯੂਨੀਵਰਸਿਟੀ ਦੀ ਪੰਜਾਬੀ ਡਿਕਸ਼ਨਰੀ (ਤੇਜਾ ਸਿੰਘ) ਤੇ ਪੰਜਾਬੀ ਸਾਹਿੱਤ ਕੋਸ਼ (ਸੁਰਿੰਦ੍ਰ ਸਿੰਘ ਕੋਹਲੀ) ਤੋਂ (ਜੋ ਅਜੇ ਤਿਆਰ ਹੋ ਰਿਹਾ ਹੈ), ਭਲੀ ਪ੍ਰਕਾਰ ਅਨੁਮਾਨ ਲਗਾ ਸਕਦੇ ਹੋ ਕਿ ਸਾਡੀ ਮਾਤ-ਭਾਸ਼ਾ ਪੰਜਾਬੀ ਕਿਵੇਂ ਬੜੀ ਤੇਜ਼ੀ ਨਾਲ ਤਰੱਕੀ ਦੀਆਂ ਮੰਜ਼ਲਾਂ ਤਹਿ ਕਰ ਰਹੀ ਹੈ।

ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਦਾ ਇਹ ਸਮ ਅਰਥ ਕੋਸ਼, ਜੋ ਕੋਸ਼ ਕਲਾ ਦੇ ਹੁਨਰ ਦੀ ਆਪਣੀ ਕਿਸਮ ਦੀ ਪਹਿਲੀ ਮੂੰਹ ਬੋਲਦੀ ਤਸਵੀਰ ਹੈ, ਕਿਸੇ ਦਿਨ ਜਦ ਪੰਜਾਬੀ ਬੋਲੀ ਨਿੱਖਰ ਸੰਵਰ ਕੇ ਪੂਰੇ ਜੋਬਨ ਤੇ ਅੱਪੜੇਗੀ ਤਾਂ ਸਾਹਿੱਤਕਾਰਾਂ ਦੀ ਨਿਗਾਹ ਵਿਚ ਇਸ ਪੁਸਤਕ ਦੀ ਇਕ ਨਿਵੇਕਲੀ ਥਾਂ ਹੋਵੇਗੀ। ਇਸ ਲਈ ਆਸ ਹੈ, ਗੁਣਵਾਨ ਪਾਠਕ ਇਸ ਸ਼ਬਦ ਕੋਸ਼ ਨੂੰ ਜ਼ਰੂਰ ਹੀ ਮਨ, ਵਚਨ, ਕਰਮ ਤੋਂ ਅਪਣਾਉਣਗੇ।

ਅੰਮ੍ਰਿਤਸਰ 16-6-69 — *ਸ਼ਮਸ਼ੇਰ ਸਿੰਘ 'ਅਸ਼ੋਕ'*

ਕੋਸ਼ ਦੇ ਲਿਖਣ ਤੇ ਛਾਪਣ ਬਾਰੇ

ਲਿਖਣ ਬਾਰੇ-

ਪਹਿਲੇ ਪਹਿਲ 1939 ਈ: ਨੂੰ ਫਰਵਰੀ ਦੇ ਮਹੀਨੇ ਗੁਰਮਤਿ ਵਿੱਦਿਆ ਦੇ ਚੋਟੀ ਦੇ ਮਹਾਨ ਵਿਦਵਾਨ ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਪਾਸ ਗੁਰਮਤਿ ਸਾਹਿਤ ਦੇ ਤਕਰੀਬਨ ਸਾਰੇ ਹੀ ਗ੍ਰੰਥਾਂ ਨੂੰ ਅਰਥਾਂ ਸਮੇਤ ਪੜ੍ਹਨ ਤੇ ਵਿਚਾਰਨ ਦੀ ਮਨਸ਼ਾ ਨਾਲ ਮੈਂ ਉਨ੍ਹਾਂ ਦੇ ਜੱਥੇ 'ਚ ਜਾ ਭਰਤੀ ਹੋਇਆ। ਉਹਨਾਂ ਦਿਨਾਂ ਵਿਚ ਦਿਨ ਢਲੇ ਸ੍ਰੀ ਗੁਰ ਨਾਨਕ ਪ੍ਰਕਾਸ਼ ਦੀ ਸੰਥਾ ਚਲ ਰਹੀ ਸੀ। ਮੈਂ ਨਾਲ-ਨਾਲ ਸ਼ਬਦਾਰਥ ਲਿਖਣ ਲੱਗ ਪਿਆ, ਸ਼ੌਕੀਆ ਤੌਰ 'ਤੇ ਇੰਦ੍ਰ ਦੇ ਕੰਵਲ ਦੇ ਸਮ ਅਰਥਕ ਸ਼ਬਦ ਇਕੱਠੇ ਕਰਦਾ ਰਿਹਾ, ਅੰਤ ਵਿਚ ਜਾ ਕੇ ਮੈਂ ਤੱਕਿਆ ਤਾਂ ਕੰਵਲ ਦੇ 34 ਤੇ ਇੰਦ੍ਰ ਦੇ 24 ਨਾਂਵ ਇਕੱਠੇ ਹੋ ਗਏ। ਇਸ ਤੋਂ ਬਾਦ ਦਸਮ ਗ੍ਰੰਥ ਦੀ ਸੰਥਾ ਸ਼ੁਰੂ ਹੋ ਗਈ ਤਾਂ ਮੈਂ ਵੱਡੇ ਪੈਮਾਨੇ 'ਤੇ ਹੋਰ ਪਦਾਰਥਾਂ ਦੇ ਸਮ ਅਰਥਕ ਸ਼ਬਦਾਂ ਦਾ ਵੀ ਸੰਚਜ ਕਰਨਾ ਸ਼ੁਰੂ ਕਰ ਦਿੱਤਾ। ਮਗਰੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਜੀ ਦੀ ਬਾਣੀ, ਸ੍ਰੀ ਗੁਰ ਪ੍ਰਤਾਪ ਸੂਰਜ, ਪੰਥ ਪ੍ਰਕਾਸ਼ ਗਿ: ਗਿਆਨ ਸਿੰਘ ਆਦਿ ਗੁਰਮਤਿ ਸਾਹਿਤ ਦੇ ਤਕਰੀਬਨ ਸਾਰੇ ਹੀ ਗ੍ਰੰਥਾਂ ਚੋਂ ਪ੍ਰਜਾਯ ਵਾਚੀ ਸ਼ਬਦ ਜਮ੍ਹਾਂ ਕਰ ਲਏ। ਇਨ੍ਹਾਂ ਹੀ ਦਿਨਾਂ ਵਿਚ ਮੇਰੇ ਇਕ ਸੁਯੋਗ ਵਿਦਿਆਰਥੀ ਮਾਨ ਸਿੰਘ ਕੋਕਰੀ ਕਲਾਂ ਦੇ ਪੜਦਾਦੇ ਸੰਤ ਸੁੱਖਣ ਦਾਸ ਦੀ ਹੱਥ ਲਿਖਤ ਪੁਸਤਕ ਵਿਚੋਂ ਮਾਨ ਮੰਜਰੀ ਨਾਮ ਮਾਲਾ ਨੰਦ ਦਾਸ ਕ੍ਰਿਤ ਦਾ ਮੈਂ ਉਤਾਰਾ ਕਰਕੇ ਆਪਣੇ ਕੋਲ ਰੱਖ ਲਿਆ, ਉਸ ਵਿਚ ਜ਼ਿਕਰ ਸੀ ਕਿ ਮੈਂ ਇਹ ਪੁਸਤਕ ਅਮਰ ਕੋਸ਼ ਵਾਂਗ ਲਿਖ ਰਿਹਾ ਹਾਂ। ਮੈਂ ਅਮਰ ਕੋਸ਼ ਦਾ ਹਿੰਦੀ ਟੀਕਾ ਪ੍ਰਾਪਤ ਕਰ ਲਿਆ। ਇਸੇ ਅਮਰ ਕੋਸ਼ ਦੇ ਅਧਾਰ ਤੇ ਨਵੀਨ ਹਿੰਦੀ ਸਾਹਿਤ ਦੇ ਵਿਦਵਾਨ ਪੰਡਿਤ ਸ੍ਰੀ ਕ੍ਰਿਸ਼ਨ ਸ਼ੁਕਲ ਵਿਸ਼ਾਰਦ ਦਾ ਲਿਖਿਆ 'ਹਿੰਦੀ ਪ੍ਰਜਾਯ ਵਾਚੀ ਕੋਸ਼' ਬੰਬਈ ਤੋਂ ਮੰਗਵਾ ਲਿਆ। ਐਉਂ ਮੇਰਾ ਆਪਣਾ ਸੰਚਜ, ਮਾਨ ਮੰਜਰੀ, ਅਮਰ ਕੋਸ਼ ਤੇ ਹਿੰਦੀ ਪ੍ਰਜਾਯ ਵਾਚੀ ਕੋਸ਼ ਨੂੰ ਮੇਲ ਕੇ ਮੈਂ ਆਪਣਾ ਇਹ ਕੋਸ਼ ਪਹਿਲਾਂ ਭਾਗਾਂ, ਵਰਗਾਂ ਵਿਚ ਅਮਰ ਕੋਸ਼ ਦੀ ਸ਼ੈਲੀ ਅਨੁਸਾਰ ਲਿਖਿਆ ਸੀ, ਪਰ ਡਾਕਟਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਸੁਝਾਅ ਅਨੁਸਾਰ ਮੂਲ ਸ਼ਬਦਾਂ ਤੇ ਉਨ੍ਹਾਂ ਹੇਠ ਆਉਣ ਵਾਲੇ ਸਮ ਅਰਥਕ ਸ਼ਬਦਾਂ ਨੂੰ ਨਵੀਨ ਅਰਥ ਕੋਸ਼ਾਂ ਵਾਂਗ ਅੱਖਰਾਂ

ਤੇ ਮਾਤ੍ਰਾਂ ਦੇ ਕ੍ਰਮ ਅਨੁਸਾਰ ਕਰ ਦਿੱਤਾ, ਤਾਂਕਿ ਪਾਠਕਾਂ ਨੂੰ ਆਪਣਾ ਵਾਂਛਿਤ ਸ਼ਬਦ ਲੱਭਣ ਵਿਚ ਸੌਖ ਹੋ ਸਕੇ। ਪਰ ਇਕ ਪੁਰਾਣੀ ਕੋਸ਼ ਸ਼ੈਲੀ ਨੂੰ ਸੁਰਜੀਤ ਰੱਖਣ ਤੇ ਪਾਠਕਾਂ ਦੀ ਵਾਕਫ਼ੀਅਤ ਵਿਚ ਵਾਧਾ ਕਰਨ ਦੇ ਖਿਆਲ ਨੂੰ ਮੁਖ ਰੱਖ ਕੇ ਕੋਸ਼ ਦੇ ਅੰਤ ਵਿਚ ਭਾਗਾਂ, ਵਰਗਾਂ ਤੇ ਮੂਲ ਸ਼ਬਦਾਂ ਦਾ ਤਤਕਰਾ ਲਿਖ ਦਿੱਤਾ ਹੈ।

ਛਾਪਣ ਬਾਰੇ–

ਕਈ ਸਾਲਾਂ ਦੀ ਅਣਥੱਕ ਮਿਹਨਤ ਨਾਲ ਕੋਸ਼ ਤਿਆਰ ਕਰ ਲੈਣ ਤੋਂ ਬਾਅਦ ਹਰ ਪੰਜਾਬੀ ਲੇਖਕ ਵਾਂਗ ਮੈਨੂੰ ਵੀ ਇਸ ਦੇ ਛਾਪਣ ਦਾ ਗੰਭੀਰ ਮਸਲਾ ਉਠ ਖੜਾ ਹੋਇਆ। ਪਹਿਲੋਂ ਆਪ ਛਾਪਣ ਦਾ ਵਿਚਾਰ ਬਣਿਆ ਪਰ ਮਾਇਕ ਔਕੜਾਂ ਕਾਰਨ ਐਸਾ ਨਾ ਹੋ ਸਕਿਆ, ਫਿਰ ਮੈਂ 25 ਜੁਲਾਈ 1954 ਈ: ਨੂੰ ਮਹਿਕਮਾ ਪੰਜਾਬੀ ਪਟਿਆਲਾ ਦੇ ਉਸ ਸਮੇਂ ਦੇ ਸਹਾਇਕ ਡਾਇਰੈਕਟਰ ਗਿ: ਲਾਲ ਸਿੰਘ ਜੀ (ਜੋ ਹੁਣ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੇ ਜਨਰਲ ਡਾਇਰੈਕਟਰ ਹਨ) ਨੂੰ ਮਿਲਿਆ ਤੇ ਆਪਣੇ ਕੋਸ਼ ਦਾ ਖਰੜਾ ਵਿਖਾ ਕੇ ਛਪਵਾਉਣ ਦੀ ਇੱਛਾ ਪ੍ਰਗਟ ਕੀਤੀ। ਉਹਨਾਂ ਇਸ ਬਾਰੇ ਕੁਝ ਜ਼ਰੂਰੀ ਸੁਝਾਅ ਤਾਂ ਦਿੱਤੇ ਪਰ ਮਹਿਕਮੇ ਵੱਲੋਂ ਛਾਪਣ ਤੋਂ ਅਸਮਰਥਾ ਪ੍ਰਗਟ ਕੀਤੀ ਤੇ ਆਪਣੇ ਵਲੋਂ ਇਕ ਜ਼ਾਤੀ ਪੱਤ੍ਰਕਾ ਉਸ ਸਮੇਂ ਦੇ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਸੀਨੀਅਰ ਮੀਤ ਪ੍ਰਧਾਨ ਸ: ਬਸੰਤ ਸਿੰਘ ਮੋਗਾ ਨੂੰ ਲਿਖ ਦਿੱਤੀ, ਜਿਸ ਵਿੱਚ ਇਸ ਸਮ ਅਰਥ ਕੋਸ਼ ਦੀ ਮਹੱਤਤਾ, ਲੋੜ ਤੇ ਲਾਭ ਦਾ ਵਰਣਨ ਕਰਦਿਆਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਛਾਪੇ ਜਾਣ ਲਈ ਪੁਰਜ਼ੋਰ ਪ੍ਰੇਰਨਾ ਕੀਤੀ, ਪਰ ਸ: ਬਸੰਤ ਸਿੰਘ ਜੀ ਵੀ ਛਾਪਣ ਦਾ ਮਾਣ ਨਾ ਖੱਟ ਸਕੇ।

ਦੋਬਾਰਾ 1960–61 ਈ: ਵਿਚ ਸ਼੍ਰੋਮਣੀ ਗੁ: ਪ੍ਰਬੰਧਕ ਕਮੇਈ ਦੀ ਧਰਮ ਪਰਚਾਰ ਕਮੇਟੀ ਨੂੰ ਛਾਪਣ ਲਈ ਜਾਂ ਸਹਾਇਤਾ ਦੇਣ ਲਈ ਲਿਖਤੀ ਬੇਨਤੀ-ਪੱਤਰ ਲਿਖਿਆ, ਪਰ ਡੇਢ ਦੋ ਸਾਲ ਦੀ ਕਾਗਜ਼ੀ ਲਿਖਾ-ਪੜ੍ਹੀ ਤੋਂ ਬਾਅਦ ਮਤਾ ਨੰ: 984, ਮਿਤੀ 3.8.62 ਅਨੁਸਾਰ ਜਵਾਬ ਮਿਲ ਗਿਆ। ਵਿਦਵਾਨ ਸੱਜਣਾਂ ਮਿਤਰਾਂ ਦੀ ਰਾਇ ਅਨੁਸਾਰ ਇਸ ਕੋਸ਼ ਨੂੰ ਪੰਜਾਬੀ ਯੂਨੀਵਰਸਿਟੀ ਵੱਲੋਂ ਛਪਵਾਉਣ ਦੀ ਮਨਸ਼ਾ ਨਾਲ ਮੈਂ ਆਪਣਾ ਇਹ ਖਰੜਾ ਸਣੇ ਮੁਖ-ਬੰਧ ਦੇ ਯੋਜਨਾ ਤੇ ਵਿਕਾਸ਼ ਵਿਭਾਗ (ਪੰ:) ਦੇ ਨਿਰਦੇਸ਼ਕ ਸ: ਜਸਬੀਰ ਸਿੰਘ ਆਹਲੂਵਾਲੀਆ ਨੂੰ 21 ਨਵੰਬਰ 1967 ਨੂੰ ਦੇ ਆਇਆ। 5 ਫਰਵਰੀ 1968 ਦੀ ਪੱਤ੍ਰਕਾ ਵਿਚ ਉਨ੍ਹਾਂ ਲਿਖਿਆ ਕਿ 'ਇਸ ਬਾਰੇ ਅਸੀਂ ਵਿਦਾਵਾਨਾ ਦੀ ਰਾਇ ਅਨੁਸਾਰ ਜਲਦੀ ਹੀ ਆਪ ਜੀ ਨੂੰ ਯੂਨੀਵਰਸਿਟੀ ਦੇ ਫੈਸਲੇ ਬਾਰੇ ਸੂਚਿਤ ਕਰਾਂਗੇ'। ਪਰ 13 ਅਪਰੈਲ 1968 ਤੋਂ ਪਹਿਲਾਂ ਹੀ ਯੂਨੀਵਰਸਿਟੀ ਦੇ ਤਿੰਨ ਵਿਦਵਾਨਾਂ ਵਲੋਂ ਸੰਪਾਦਿਤ 'ਪੰਜਾਬੀ ਪਰਿਆਇ ਵਿਪਰਿਆਇ ਕੋਸ਼' ਛਾਪ

ਦਿੱਤਾ ਗਿਆ, ਜਿਸ ਦੀ ਸਕੀਮ ਫਰਵਰੀ 1968 'ਚ ਤਿਆਰ ਕੀਤੀ ਗਈ ਸੀ। ਮੇਰਾ ਖਰੜਾ ਤਕਰੀਬਨ ਛੇ ਮਹੀਨੇ ਕੋਲ ਰੱਖਣ ਤੋਂ ਬਾਅਦ ਪੱਤ੍ਰਕਾ ਨੰ: 4803, ਮਿਤੀ 22-5-68 ਨਾਲ ਵਾਪਸ ਭੇਜ ਦਿੱਤਾ, ਜਿਸ ਵਿਚ ਅੰਕਿਤ ਸੀ ਕਿ:-

'ਅਸੀਂ ਇਸ ਨੂੰ ਪ੍ਰਕਾਸ਼ਤ ਕਰਨ ਤੋਂ ਅਸਮਰਥ ਹਾਂ।'

ਮੇਰੇ ਲਿਖੇ ਇਸ ਕੋਸ਼ ਵਿਚੋਂ ਪੰਜਾਬੀ ਭਾਸ਼ਾ ਦੇ ਸਾਰੇ ਸ਼ਬਦ ਲਿਖ ਲਏ ਤੇ ਨਾਲ ਕੁਝ ਸ਼ਬਦ ਆਪਣੇ ਕੋਲੋਂ ਲਿਖ ਲਏ ਅਤੇ ਉਹਨਾਂ ਦੇ ਵਿਰੋਧੀ ਸ਼ਬਦਾਂ ਨੂੰ ਵਿਪਰਿਆਇ ਨਾਮ ਦੇ ਨਾਲ ਸ਼ਾਮਲ ਕਰ ਲਿਆ। ਇਹ ਪੰਜਾਬੀ ਯੂਨੀਵਰਸਿਟੀ ਦੇ ਵਿਦਵਾਨਾਂ ਤੇ ਮੁਖੀਆਂ ਦੀ ਕੋਝੀ ਹਰਕਤ ਜਾਂ ਧੋਖਾਦੇਹੀ ਸਮਝੋ।

ਅਖੀਰ ਗਿ: ਮੋਹਨ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਪ੍ਰੇਰਨਾ ਦਾ ਸਦਕਾ 'ਜਵਾਹਰ ਸਿੰਘ ਕ੍ਰਿਪਾਲ ਸਿੰਘ' ਫਰਮ ਦੇ ਮਾਲਕਾਂ ਨੇ ਇਸ ਮਹਾਨ ਕਾਰਜ ਨੂੰ ਆਰੰਭ ਕਰਕੇ ਜੁਲਾਈ 1969 ਈ: ਨੂੰ ਸਿਰੇ ਚੜ੍ਹਾਇਆ। ਇਸ ਲਈ ਇਹ ਸੱਜਣ ਵਧਾਈ ਦੇ ਪਾਤਰ ਹਨ।

—ਸੰਪਾਦਕ

ਮੁਖ-ਬੰਧ

1.

ਕਲਮੀ ਲਿਖਤ ਦਾ ਅਰੰਭ- ਵੇਦਾਂ ਦੀ ਭਾਸ਼ਾ ਪੁਰਾਣੀ ਸੰਸਕ੍ਰਿਤ ਤੇ ਲਿੱਪੀ ਦੇਵਨਾਗਰੀ ਹੈ, ਇਸ ਲਿੱਪੀ ਤੋਂ ਪਹਿਲਾਂ ਵੀ ਏਥੇ ਕੋਈ ਹੋਰ ਲਿੱਪੀ ਪ੍ਰਚੱਲਤ ਸੀ ਜਾਂ ਨਹੀਂ, ਇਹ ਗੱਲ ਅਜੇ ਖੋਜ ਦੀ ਮੁਹਤਾਜ ਹੈ। ਸੰਸਾਰ ਵਿੱਚ ਸਭ ਤੋਂ ਪੁਰਾਣੀਆਂ ਰਚਨਾਵਾਂ ਵੇਦਾਂ ਨੂੰ ਹੀ ਮੰਨਿਆ ਗਿਆ ਹੈ, ਹਿੰਦੂ ਸੰਸਕ੍ਰਿਤੀ ਅਨੁਸਾਰ ਸੰਸਕ੍ਰਿਤ ਨੂੰ ਦੇਵ ਭਾਸ਼ਾ ਅਰਥਾਤ ਦੇਵਤਿਆਂ ਦੀ ਬੋਲੀ ਅਤੇ ਵੇਦਾਂ ਨੂੰ ਈਸ਼ਰ ਕ੍ਰਿਤ ਹੋਣ ਦਾ ਮਾਣ ਪ੍ਰਾਪਤ ਹੈ। ਅਰੰਭ ਵਿਚ ਵੇਦ ਲਿਖਤ ਰੂਪ ਵਿਚ ਨਹੀਂ ਸਨ। ਰਿਖੀ ਮੁਨੀ ਵੇਦਾਂ ਦੇ ਮੰਤ੍ਰਾਂ, ਸ਼ਲੋਕਾਂ ਤੇ ਉਨ੍ਹਾਂ ਦੇ ਅਰਥਾਂ ਨੂੰ ਜੋਗਾ ਅਭਿਆਸ ਦੇ ਬਲ ਨਾਲ ਜਦ ਇਕ ਵਾਰੀ ਕੰਠਾਗਰ ਕਰ ਲਿਆ ਕਰਦੇ ਸਨ ਤਾਂ ਮੁੜ ਉਨ੍ਹਾਂ ਨੂੰ ਉਹ ਸਾਰੀ ਉਮਰ ਤਕ ਨਹੀਂ ਸਨ ਭੁਲਦੇ, ਉਨ੍ਹਾਂ ਤੋਂ ਅਗੋਂ ਉਹਨਾਂ ਦੇ ਸ਼ਿਸ਼ ਜਾਂ ਵਿਦਿਆਰਥੀ ਜ਼ਬਾਨੀ ਸੁਣ ਕੇ ਕੰਠ ਕਰ ਲਿਆ ਕਰਦੇ ਸਨ। ਇਕ ਦੂਜੇ ਤੋਂ ਸੁਣ ਕੇ ਕੰਠ ਕਰ ਲੈਣ ਦੀ ਇਹ ਪਰੰਪਰਾ ਕਾਫੀ ਸਮਾਂ ਚੱਲਦੀ ਰਹੀ। ਵੇਦ ਮੰਤ੍ਰਾਂ ਜਾਂ ਸ਼ਲੋਕਾਂ ਨੂੰ ਕੰਠ ਕਰਨ ਦੀ ਪ੍ਰਪਾਟੀ ਦਾ ਇਕ ਕਾਰਨ ਲਿਖਣ ਸਮੱਗ੍ਰੀ ਦੀ ਅਣਹੋਂਦ ਜਾਂ ਘਾਟ ਨੂੰ ਸਮਝਿਆ ਜਾ ਸਕਦਾ ਹੈ। ਜੋਗਾ ਅਭਿਆਸ ਦੀ ਕਮਾਈ ਘਟਣ ਲੱਗੀ ਤਾਂ ਯਾਦ-ਸ਼ਕਤੀ ਵਿਚ ਕਮਜ਼ੋਰੀ ਆਉਣੀ ਸ਼ੁਰੂ ਹੋਈ। ਵੇਦਾਂ ਦੇ ਮੰਤ੍ਰਾਂ ਸ਼ਲੋਕਾਂ ਅਤੇ ਉਨ੍ਹਾਂ ਦੇ ਅਰਥਾਂ ਦੇ ਭੁੱਲ ਜਾਣ ਦਾ ਖਤਰਾ ਅਨੁਭਵ ਕਰਦਿਆਂ ਉਸ ਸਮੇਂ ਦੇ ਵਿਦਵਾਨ ਰਿਖੀਆਂ ਮੁਨੀਆਂ ਨੇ ਇਨ੍ਹਾਂ ਨੂੰ ਲਿਖਤ ਰੂਪ ਦੇਣ ਦੀ ਸੋਚੀ। ਪਹਿਲੋਂ-ਪਹਿਲ ਵੇਦ ਮੰਤ੍ਰਾਂ ਜਾਂ ਸ਼ਲੋਕਾਂ ਨੂੰ ਪੱਥਰ ਦੀਆਂ ਸ਼ਿਲਾਂ ਉਪਰ ਸ਼ਿਲਾ-ਲੇਖ ਦੇ ਰੂਪ ਵਿਚ ਉਕਰਨਾ ਸ਼ੁਰੂ ਕੀਤਾ, ਉਸ ਤੋਂ ਬਾਅਦ ਤਾਂਬੇ ਦੇ ਪੱਤਰਿਆਂ ਤੇ ਉਕਰਿਆ ਗਿਆ। ਹੌਲੀ-ਹੌਲੀ ਸਿਆਹੀ ਨਾਲ ਭੋਜ ਦਰੱਖਤ ਦੇ ਪੱਤ੍ਰਾਂ ਤੇ ਲਿਖਣਾ ਅਰੰਭ ਹੋਇਆ, ਏਥੋਂ ਹੀ ਕਲਮੀ ਲਿਖਤ ਦਾ ਅਰੰਭ ਸਮਝਣਾ ਚਾਹੀਦਾ ਹੈ।

2.

ਸੰਸਕ੍ਰਿਤ ਸ਼ਬਦ ਕੋਸ਼-ਸੰਸਕ੍ਰਿਤ ਸਾਹਿਤ ਵਿਚ ਸਭ ਤੋਂ ਵੱਧ ਮਹਾਨਤਾ ਵੇਦਾਂ ਦੀ ਹੀ ਰਹੀ ਹੈ, ਇਸੇ ਕਰਕੇ ਪੁਰਾਣੇ ਸਮੇਂ ਵਿਚ ਸਭ ਤੋਂ ਵੱਡਾ ਵਿਦਵਾਨ ਉਸੇ ਨੂੰ

ਗਿਣਿਆ ਜਾਂਦਾ ਸੀ ਜੋ ਚੌਹਾਂ ਹੀ ਵੇਦਾਂ ਦਾ ਵਕਤਾ ਹੁੰਦਾ ਸੀ। ਜਦੋਂ ਵੇਦਾਂ ਦੇ ਮੰਤ੍ਰਾਂ ਤੇ ਸਲੋਕਾਂ ਨੂੰ ਤਾਂ ਭੋਜ ਪੱਤ੍ਰਾਂ ਜਾਂ ਤਾੜ ਪੱਤ੍ਰਾਂ ਤੇ ਲਿਖਿਆ ਜਾਣ ਲੱਗਾ ਪਰ ਅਰਥ ਸੀਨਾ-ਬਸੀਨਾ ਜ਼ਬਾਨੀ ਕੰਠ ਰੱਖਣ ਦੀ ਰੀਤ ਹੀ ਜਾਰੀ ਰਹੀ, ਤਾਂ ਉਸ ਸਮੇਂ ਦੇ ਪ੍ਰਸਿੱਧ ਵਿਦਵਾਨ 'ਕਸ਼ਜਪ' ਮੁਨੀ ਨੇ ਦੇਖਿਆ ਕਿ ਅਗੋਂ ਵੇਦਾਂ ਦੇ ਮੁਸ਼ਕਲ ਸ਼ਬਦਾਂ ਦੇ ਅਰਥ ਵਿਦਵਾਨਾਂ ਨੂੰ ਭੁਲਦੇ ਜਾ ਰਹੇ ਹਨ ਤਾਂ ਉਨ੍ਹਾਂ ਨੇ ਵੇਦਾਂ ਵਿਚੋਂ ਕਠਨ ਅਰਥਾਂ ਵਾਲੇ ਸ਼ਬਦਾਂ ਨੂੰ ਚੁਣ ਕੇ ਇਕ ਸ਼ਬਦ ਭੰਡਾਰ ਤਿਆਰ ਕਰ ਲਿਆ, ਜਿਸ ਦਾ ਉਹਨਾਂ 'ਨਿਘੰਟੂ' ਨਾਮ ਰੱਖਿਆ। ਇਸ ਨੂੰ ਜਗਤ ਦਾ ਸਭ ਤੋਂ ਪਹਿਲਾ ਸ਼ਬਦ ਕੋਸ਼ ਸਮਝਣਾ ਚਾਹੀਦਾ ਹੈ। ਉਸ ਸਮੇਂ ਜਾਂ ਉਸ ਤੋਂ ਬਾਅਦ ਲਿਖੇ ਗਏ ਹੋਰ ਸ਼ਬਦ ਭੰਡਾਰਾਂ ਨੂੰ ਵੀ ਵਿਦਵਾਨਾਂ ਨੇ 'ਨਿਘੰਟੂ' ਨਾਮ ਹੀ ਦਿੱਤਾ। ਜਿਵੇਂ ਕਿ ਹੁਣ ਹਰ ਤਰ੍ਹਾਂ ਦੇ ਸ਼ਬਦ ਸੰਗ੍ਰਹਿ ਨੂੰ ਕੋਸ਼ ਦਾ ਨਾਮ ਦਿੱਤਾ ਜਾ ਰਿਹਾ ਹੈ। ਅਗੋਂ ਜਾ ਕੇ ਕੁਝ ਸਮੇਂ ਬਾਅਦ ਜਦੋਂ 'ਨਿਘੰਟੂ' ਦੇ ਅੰਦਰ ਦਰਜ ਸ਼ਬਦਾਂ ਦੇ ਅਰਥ ਵੀ ਮੁਸ਼ਕਲ ਪ੍ਰਤੀਤ ਹੋਣ ਲੱਗੇ ਤਾਂ 'ਯਾਸਕ' ਮੁਨੀ ਨੇ ਕਸ਼ਯਪ ਮੁਨੀ ਦੇ ਲਿਖੇ ਨਿਘੰਟੂ ਦਾ ਭਾਸ਼ਜ (ਟੀਕਾ) ਲਿਖਿਆ, ਜਿਸ ਦਾ ਨਾਮ ਉਨ੍ਹਾਂ ਨਿਰੁਕਤ ਰੱਖਿਆ, ਜਿਸ ਦਾ ਅਰਥ ਹੈ ਖੁੱਲ੍ਹੀ ਵਿਆਖਿਆ।

3.

ਲੋਕ ਸ਼ਬਦ ਕੋਸ਼-ਸੰਸਕ੍ਰਿਤ ਭਾਸ਼ਾ ਜਾਂ ਜਿਸ ਨੂੰ ਉਸ ਸਮੇਂ ਦੇਵ ਭਾਸ਼ਾ ਕਿਹਾ ਜਾਂਦਾ ਸੀ, ਐਉਂ ਲਿਖਤ ਰੂਪ ਵਿਚ ਆਈ ਤੇ ਉਸ ਦੇ ਕੋਸ਼, ਤੇ ਕੋਸ਼ਾਂ ਦੇ ਅੱਗੋਂ ਭਾਸ਼ਜ ਲਿਖੇ ਜਾਣ ਲਗ ਪਏ ਤਾਂ ਹੁਣ ਆਮ ਲੋਕਾਂ ਦੀਆਂ ਬੋਲੀਆਂ ਤੇ ਉਨ੍ਹਾਂ ਦੇ ਸ਼ਬਦ ਕੋਸ਼ਾਂ ਦੀ ਵਾਰੀ ਆਉਣ ਲੱਗੀ। ਭਾਵੇਂ ਇਹ ਗੱਲ ਠੀਕ ਹੈ ਕਿ ਆਮ ਲੋਕਾਂ ਦੀਆਂ ਬੋਲੀਆਂ ਦੀ ਉਸ ਸਮੇਂ ਹੁਣ ਵਰਗੀ ਕੋਈ ਕਦਰ ਕੀਮਤ ਨਹੀਂ ਸੀ, ਪਰ ਫਿਰ ਵੀ ਜਿਵੇਂ ਜੋਗਾ ਅਭਿਆਸ ਦੇ ਬਲ ਘਟਣ ਨਾਲ ਰਿਖੀਆਂ ਮੁਨੀਆਂ ਦੀਆਂ ਯਾਦ-ਸ਼ਕਤੀਆਂ ਕਮਜ਼ੋਰ ਹੋ ਰਹੀਆਂ ਸਨ, ਉਵੇਂ ਹੀ ਸਮੇਂ ਦੇ ਪ੍ਰਭਾਵ ਨਾਲ ਲੋਕ ਭਾਸ਼ਾਵਾਂ ਦੇ ਵਿਦਵਾਨਾਂ ਦਾ ਵੀ ਬੁਧੀ ਬਲ ਘਟਣ ਲੱਗਾ ਤੇ ਉਸ ਦੇ ਨਾਲ ਹੀ ਆਮ ਬੋਲ-ਚਾਲ ਦੇ ਸ਼ਬਦ ਤੇ ਉਹਨਾਂ ਦੇ ਅਰਥ ਵੀ ਜਦ ਸਹਿਜੇ ਸਹਿਜੇ ਅਲੋਪ ਹੁੰਦੇ ਨਜ਼ਰੀਂ ਪੈਣ ਲੱਗੇ ਤਾਂ ਲੋਕ ਭਾਸ਼ਾਵਾਂ ਦੇ ਵਿਦਵਾਨਾਂ ਨੂੰ ਉਨ੍ਹਾਂ ਭਾਸ਼ਾਵਾਂ ਦੀਆਂ ਪੁਸਤਕਾਂ ਰਚਣ ਦੇ ਨਾਲ-ਨਾਲ ਲੋਕ ਸ਼ਬਦਾਂ ਦੇ ਕੋਸ਼ ਲਿਖਣ ਦੀ ਵੀ ਲੋੜ ਮਹਿਸੂਸ ਹੋਈ। ਸਭ ਤੋਂ ਪਹਿਲਾਂ ਕਿਸ ਲੋਕ ਸ਼ਬਦ ਕੋਸ਼ ਦੀ ਰਚਨਾ ਹੋਈ, ਪੂਰਨ ਨਿਸਚੇ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ, ਕਿਉਂਕਿ 'ਸ਼ਬਦ ਕਲਪ ਦ੍ਰੂਮ' ਕੋਸ਼ ਵਿਚ ਹੀ (ਜੋ ਕਾਫੀ ਪੁਰਾਣਾ ਸ਼ਬਦ ਕੋਸ਼ ਹੈ) 29 ਕੋਸ਼ਾਂ ਦੇ ਨਾਵਾਂ ਦਾ ਜ਼ਿਕਰ ਹੈ, ਜੋ ਉਸ ਤੋਂ ਪਹਿਲਾਂ

ਦੇ ਲਿਖੇ ਹੋਏ ਹਨ।

ਸੰਸਕ੍ਰਿਤ ਤੋਂ ਬਾਅਦ ਭਾਸ਼ਾ ਦੇ ਤੌਰ 'ਤੇ 'ਪਾਲੀ' ਭਾਸ਼ਾ ਦਾ ਜ਼ਿਕਰ ਆਉਂਦਾ ਹੈ, ਜਿਸ ਵਿਚ ਬੁੱਧ ਮਤ ਦਾ ਵਧੇਰੇ ਸਾਹਿਤ ਲਿਖਿਆ ਹੋਇਆ ਹੈ। ਪਾਲੀ ਤੋਂ ਬਾਅਦ ਪ੍ਰਾਕ੍ਰਿਤ ਤੇ ਉਸ ਤੋਂ ਪਿਛੋਂ 'ਅਪਭ੍ਰੰਸ਼' ਦੀ ਵਾਰੀ ਆਉਂਦੀ ਹੈ। ਇਨ੍ਹਾਂ ਤੋਂ ਮਗਰੋਂ ਪ੍ਰਾਂਤਕ ਬੋਲੀਆਂ ਦਾ ਨੰਬਰ ਆਉਂਦਾ ਹੈ। ਪ੍ਰਾਂਤਕ ਬੋਲੀਆਂ ਦੀਆਂ ਰਚਨਾਵਾਂ ਤੋਂ ਪਹਿਲਾਂ ਦੀਆਂ ਸਾਰੀਆਂ ਦੀਆਂ ਸਾਰੀਆਂ ਹੀ ਭਾਸ਼ਾਵਾਂ ਦੀਆਂ ਰਚਨਾਵਾਂ ਤੇ ਉਨ੍ਹਾਂ ਦੇ 'ਸ਼ਬਦ ਕੋਸ਼' ਕਾਵਿ ਰਚਨਾ ਵਿਚ ਲਿਖੇ ਜਾਂਦੇ ਰਹੇ ਹਨ। ਪੁਸਤਕਾਂ ਤੇ ਕੋਸ਼ਾਂ ਨੂੰ ਛੰਦਾਬੰਦੀ 'ਚ ਲਿਖੇ ਜਾਣ ਦੇ ਅਸਾਂ ਤਿੰਨ ਕਾਰਨ ਲੱਭੇ ਹਨ। ਇਕ ਤਾਂ ਇਹ ਕਿ ਉਸ ਸਮੇਂ ਵਾਰਤਕ ਦਾ ਅਜੇ ਜਨਮ ਹੀ ਨਹੀਂ ਹੋਇਆ ਸੀ। ਦੂਜਾ ਇਹ ਕਿ ਇਨ੍ਹਾਂ ਰਚਨਾਵਾਂ ਜਾਂ ਸ਼ਬਦ ਭੰਡਾਰਾਂ ਨੂੰ ਵਿਦਵਾਨ ਜਾਂ ਵਿਦਿਆਰਥੀਆਂ ਨੇ ਕੰਠ ਕਰਨਾ ਹੁੰਦਾ ਸੀ। ਵਾਰਤਕ ਨਾਲੋਂ ਕਵਿਤਾ ਨੂੰ ਕੰਠ ਕਰਨ ਸਮੇਂ ਮਿਹਨਤ ਤੇ ਸਮੇਂ ਦੀ ਕਾਫੀ ਬੱਚਤ ਹੋ ਜਾਂਦੀ ਹੈ। ਤੀਜਾ ਕਾਰਨ ਉਸ ਸਮੇਂ ਲਿਖਣ ਸਮੱਗ੍ਰੀ ਦੀ ਘਾਟ ਸਮਝਣਾ ਚਾਹੀਦਾ ਹੈ। ਵਾਰਤਕ ਦੀ ਬਜਾਇ ਕਾਵਿ, ਕਾਗਜ਼ ਤੇ ਹੋਰ ਲਿਖਣ ਸਮੱਗ੍ਰੀ ਦੀ ਬਹੁਤ ਘੱਟ ਵਰਤੋਂ ਕਰਦੀ ਹੈ।

ਉਨ੍ਹਾਂ ਕੋਸ਼ਾਂ ਦਾ ਨਵੀਨ ਕੋਸ਼ਾਂ ਨਾਲੋਂ ਇਕ ਹੋਰ ਫਰਕ ਵੀ ਸਪੱਸ਼ਟ ਨਜ਼ਰ ਆਉਂਦਾ ਹੈ, ਉਹ ਇਹ ਕਿ ਉਨ੍ਹਾਂ ਕੋਸ਼ਾਂ ਵਿਚ ਅੱਜ-ਕਲ੍ਹ ਦੇ ਕੋਸ਼ਾਂ ਵਾਂਗ ਅੱਖਰ ਜਾਂ ਮਾਤ੍ਰਾ ਦਾ ਕ੍ਰਮ ਨਹੀਂ ਸੀ ਹੁੰਦਾ, ਸਗੋਂ ਕਈ ਵਾਰ ਉਹ ਅਰਥਾਂ ਅਨੁਸਾਰ ਜਾਂ ਕੁਦਰਤੀ ਰਚਨਾ ਦੇ ਕ੍ਰਮ ਅਨੁਸਾਰ ਲਿਖੇ ਜਾਂਦੇ ਸਨ। ਇਸ ਕਥਨ ਦੀ ਪੁਸ਼ਟੀ ਲਈ ਅਸੀਂ ਸੰਸਕ੍ਰਿਤ ਦੇ ਸਭ ਤੋਂ ਪੁਰਾਣੇ ਤੇ ਪ੍ਰਸਿੱਧ ਕੋਸ਼ 'ਅਮਰ ਕੋਸ਼' ਦਾ ਨਾਮ ਪੇਸ਼ ਕਰ ਸਕਦੇ ਹਾਂ। ਇਸ ਕੋਸ਼ ਦੇ ਕ੍ਰਮ ਤੇ ਹੋਰ ਵਾਕਫ਼ੀਅਤ ਅੱਗੇ ਚੱਲ ਕੇ 'ਸਮ ਅਰਥਕ ਸ਼ਬਦ ਕੋਸ਼ਾਂ ਦਾ ਵੇਰਵਾ' ਦੇ ਸਿਰਲੇਖ ਹੇਠ ਵਿਸ਼ੇਸ਼ ਤੌਰ 'ਤੇ ਦਿੱਤੀ ਜਾ ਰਹੀ ਹੈ।

4.

ਕੋਸ਼–ਕੋਸ਼ ਸੰਸਕ੍ਰਿਤ ਦਾ ਸ਼ਬਦ ਹੈ,ਜਿਸ ਦੇ ਅਰਥ ਹਨ, ਭਾਂਡਾ, ਡੋਲ, ਡੱਬਾ, ਭੰਡਾਰ, ਖਜ਼ਾਨਾ, ਪੜਦਾ, ਤਲਵਾਰ ਦਾ ਮਿਆਨ, ਨਾਮ ਮਾਲਾ ਤੇ ਸ਼ਬਦ ਸੰਗ੍ਰਹਿ ਆਦਿ। ਅੰਗ੍ਰੇਜ਼ੀ ਵਿਚ ਕੋਸ਼ (ਸ਼ਬਦ ਭੰਡਾਰ) ਨੂੰ ਡਿਕਸ਼ਨਰੀ ਆਖਦੇ ਹਨ। ਡਿਕਸ਼ਨਰੀ ਸ਼ਬਦ ਡਿਕਸ਼ਨ ਸ਼ਬਦ ਤੋਂ ਬਣਿਆ ਹੈ, ਜਿਸ ਦੇ ਅਰਥ ਹਨ ਸ਼ਬਦ ਜਾਂ ਬੋਲ, ਜਿਸ ਤੋਂ ਡਿਕਸ਼ਨਰੀ ਦਾ ਅਰਥ ਹੋਇਆ 'ਸ਼ਬਦਾਂ ਦਾ ਸੰਗ੍ਰਹਿ'। ਪੰਜਾਬੀ ਤੇ ਹਿੰਦੀ ਵਿਚ ਵੀ ਭਾਵੇਂ ਸੰਸਕ੍ਰਿਤ ਵਾਂਗ ਕੋਸ਼ ਸ਼ਬਦ ਦੇ ਉਸੇ ਤਰ੍ਹਾਂ ਦੇ ਹੀ ਕਈ ਅਰਥ

ਹਨ,ਪਰ ਸਾਡੇ ਇਸ ਵਰਣਨ ਵਿਚ 'ਕੋਸ਼' ਸ਼ਬਦ ਤੋਂ ਸਾਡਾ ਭਾਵ ਸ਼ਬਦ ਭੰਡਾਰ ਤੋਂ ਹੀ ਹੈ। ਸੰਸਕ੍ਰਿਤ ਵਾਂਗ ਹੀ ਹਿੰਦੀ ਜਾਂ ਪੰਜਾਬੀ ਵਿਚ ਪਹਿਲੇ ਪੁਰਾਣੇ ਲਿਖੇ ਗਏ ਕੋਸ਼ਾਂ ਨੂੰ ਨਾਮ ਮਾਲਾ ਜਾਂ ਸ਼ਬਦ ਭੰਡਾਰ ਦਾ ਹੀ ਨਾਮ ਦਿੱਤਾ ਗਿਆ ਹੈ, ਜਿਵੇਂ ਨੰਦ ਦਾਸ ਦੀ 'ਮਾਨ ਮੰਜਰੀ ਨਾਮ ਮਾਲਾ' ਤੇ ਬਿਸ਼ਨ ਪੁਰੀ ਦਾ ਪੰਜਾਬੀ ਸ਼ਬਦ ਭੰਡਾਰ ਆਦਿ। ਹੁਣ ਵੀ ਸੰਸਕ੍ਰਿਤ,ਹਿੰਦੀ ਤੇ ਪੰਜਾਬੀ ਸਾਹਿਤ ਦੇ ਹਰ ਤਰ੍ਹਾਂ ਦੇ ਸ਼ਬਦ ਭੰਡਾਰ ਨੂੰ ਕੋਸ਼ ਦਾ ਹੀ ਨਾਮ ਦਿੱਤਾ ਜਾ ਰਿਹਾ ਹੈ।

5.

ਕੋਸ਼ ਦੀ ਲੋੜ-ਜਿਵੇਂ ਕਿਸੇ ਦੇਸ਼ ਜਾਂ ਪ੍ਰਾਂਤ ਦੇ ਰਾਜ-ਪ੍ਰਬੰਧ ਨੂੰ ਸਫਲਤਾ-ਪੂਰਬਕ ਲੰਬੇ ਸਮੇਂ ਲਈ ਚਲਦਾ ਰੱਖਣ ਲਈ ਭਾਵੇਂ ਹੋਰ ਵੀ ਅਨੇਕਾਂ ਸਾਧਨਾਂ ਨੂੰ ਜੁਟਾਨਾ ਬੜਾ ਜ਼ਰੂਰੀ ਹੈ,ਪਰ ਫਿਰ ਵੀ ਇਨ੍ਹਾਂ ਸਾਰੇ ਸਾਧਨਾਂ ਵਿਚੋਂ ਮੁੱਖ ਸਾਧਨ ਖਜ਼ਾਨੇ ਨੂੰ ਹੀ ਮੰਨਿਆ ਜਾਂਦਾ ਹੈ। ਇਵੇਂ ਹੀ ਕਿਸੇ ਭਾਸ਼ਾ ਜਾਂ ਧਰਮ ਦੇ ਸਾਹਿਤ ਦੇ ਵਿਕਾਸ ਲਈ ਇਕੱਠੇ ਕੀਤੇ ਜਾਣ ਵਾਲੇ ਸਾਧਨਾਂ ਵਿਚੋਂ ਪ੍ਰਮੁਖ ਸਥਾਨ ਸ਼ਬਦ ਭੰਡਾਰ ਦਾ ਹੀ ਹੈ। ਜਿਵੇਂ ਕਿਸੇ ਇਕ ਉੱਨਤ ਦੇਸ਼ ਦੀ ਤਰੱਕੀ ਦਾ ਅਸਲ ਕਾਰਨ ਉਸ ਦੇਸ਼ ਦੀ ਆਰਥਕ ਖੁਸ਼ਹਾਲੀ ਹੈ, ਉਥੇ ਕਿਸੇ ਦੂਜੇ ਦੇਸ਼ ਦੀ ਤਨੱਜ਼ਲੀ (ਗਿਰਾਵਟ) ਦਾ ਮੁਖ ਕਾਰਨ ਉਸ ਦੇਸ਼ ਦੀ ਆਰਥਕ ਮੰਦਹਾਲੀ ਹੀ ਗਿਣੀ ਜਾਵੇਗੀ। ਇਸੇ ਤਰ੍ਹਾਂ ਹੀ ਕਿਸੇ ਦੇਸ਼, ਪ੍ਰਾਂਤ ਜਾਂ ਧਰਮ ਦੇ ਸਾਹਿਤ ਦੀ ਉੱਨਤੀ (ਤਰੱਕੀ) ਜਾਂ ਅਵਨਤੀ (ਗਿਰਾਵਟ) ਉਸ ਸਾਹਿਤ ਦੇ ਸ਼ਬਦ ਭੰਡਾਰ ਦੀ ਅਧਿਕਤਾ ਤੇ ਨਜੂਨਤਾ (ਘਾਟੇ) ਵਿਚ ਲੁਕੀ ਹੋਈ ਹੈ।

ਜਿਵੇਂ ਸਰਮਾਏ ਨੂੰ ਸਿੱਕੇ ਦੇ ਰੂਪ ਵਿਚ ਢਾਲਣਾ, ਬਣਾਉਣਾ ਤੇ ਸਾਂਭ ਕੇ ਰੱਖਣਾ ਅਤੇ ਅੱਗੋਂ ਯੋਗਤਾ ਅਨੁਸਾਰ ਵਰਤਾਉਣਾ ਖਜ਼ਾਨੇ ਦਾ ਹੀ ਕੰਮ ਹੁੰਦਾ ਹੈ, ਇਵੇਂ ਹੀ ਸ਼ਬਦ ਭੰਡਾਰ ਨੂੰ ਅੱਡ-ਅੱਡ ਥਾਵਾਂ ਤੋਂ ਚੁਣ ਕੇ ਇਕੱਠਾ ਕਰਨਾ, ਉਸ ਦੀ ਸਾਂਭ ਸੰਭਾਲ ਕਰਨੀ, ਅਗੋਂ ਲੋੜਵੰਦਾ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਵਰਤਾਉਣ ਦਾ ਕੰਮ, ਕੋਸ਼ ਤੋਂ ਬਿਨਾਂ ਹੋਰ ਕੋਈ ਨਹੀਂ ਕਰ ਸਕਦਾ। ਜਿਵੇਂ ਖ਼ਜ਼ਾਨੇ ਵਿਚ ਧਨ ਸੁਰੱਖਿਅਤ ਰਹਿੰਦਾ ਹੈ, ਤਿਵੇਂ ਕੋਸ਼ ਵਿਚ ਵੀ ਸ਼ਬਦਾਂ ਦਾ ਧਨ ਮਹਿਫੂਜ਼ ਰਹਿੰਦਾ ਹੈ। ਜਿਵੇਂ ਖਜ਼ਾਨੇ ਵਿਚ ਖੋਟੇ ਤੇ ਖਰੇ ਦੀ ਪਰਖ ਕੀਤੀ ਜਾਂਦੀ ਹੈ, ਤਿਵੇਂ ਹੀ ਕੋਸ਼ ਵਿਚ ਵੀ ਹਰ ਸ਼ਬਦ ਨੂੰ ਕਸਵੱਟੀਆਂ ਲਾ ਲਾ ਕੇ ਪਰਖਿਆ ਜਾਂਦਾ ਹੈ। ਜਿਨ੍ਹਾਂ ਬੋਲੀਆਂ ਦੇ ਸ਼ਬਦ ਭੰਡਾਰ ਜਾਂ ਕੋਸ਼ ਨਹੀਂ ਹੁੰਦੇ, ਉਨ੍ਹਾਂ ਬੋਲੀਆਂ ਦੇ ਰੂਪ ਤੇ ਹਸਤੀਆਂ ਹੌਲੀ-ਹੌਲੀ ਸਾਹਿਤ ਖੇਤਰ ਵਿਚੋਂ ਸਦਾ ਲਈ ਮਿਟ ਜਾਂਦੀਆਂ ਹਨ ਜਾਂ ਉਹਨਾਂ ਦਾ ਰੂਪ ਘਸਮੈਲਾ ਤਾਂ ਜ਼ਰੂਰ ਹੀ ਹੋ

ਜਾਂਦਾ ਹੈ। ਇਸ ਲਈ ਕਿਸੇ ਭਾਸ਼ਾ ਜਾਂ ਉਸ ਦੇ ਸਾਹਿਤ ਨੂੰ ਸੁਰਜੀਤ ਰੱਖਣ ਅਤੇ ਉਸ ਨੂੰ ਅੱਗੋਂ ਹੋਰ ਵਧੇਰੇ ਵਧਦਾ-ਫੁਲਦਾ ਵੇਖਣ ਲਈ ਕੋਸ਼ ਦੀ ਸਥਾਪਨਾ ਅਤਿ ਲੋੜੀਂਦਾ ਕਾਰਜ ਸਮਝਣਾ ਚਾਹੀਦਾ ਹੈ।

ਹਰ ਇਕ ਬੋਲੀ ਦੇ ਸਿੱਖਣ ਵਿਚ ਵਿਆਕਰਣ ਤੇ ਕੋਸ਼ ਬਹੁਤ ਮਦਦਗਾਰ ਸਾਬਤ ਹੁੰਦੇ ਹਨ। ਇਹ ਦੋਵੇਂ ਬੋਲੀ ਦੇ ਸਿੱਖਣ ਦੇ ਕੰਮ ਨੂੰ ਸਿਰਫ ਆਸਾਨ ਹੀ ਨਹੀਂ ਬਣਾ ਦੇਂਦੇ,ਸਗੋਂ ਸਿੱਖਣ ਦੀ ਮਿਹਨਤ ਅਤੇ ਸਮੇਂ ਨੂੰ ਵੀ ਕਾਫੀ ਹੱਦ ਤਕ ਘਟਾ ਦੇਂਦੇ ਹਨ। ਇਸ ਕਥਨ ਦੀ ਪ੍ਰੋੜ੍ਹਤਾ 'ਗ੍ਰੰਥ ਗੁਰ ਗਿਰਾਰਥ ਕੋਸ਼' ਦੇ ਕਰਤਾ, ਪ੍ਰਸਿੱਧ ਵਿਦਵਾਨ ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਆਪਣੇ ਉਕਤ ਕੋਸ਼ ਦੀ ਭੂਮਕਾ ਦੇ ਅਰੰਭ ਵਿਚ ਹੀ ਐਉਂ ਲਿਖਦੇ ਹਨ :-

'ਕੋਸ਼ ਨਾਮੋਂ ਕੇ ਅਰਥ ਬੋਧਕ ਗ੍ਰੰਥ ਕੋ ਕਹਿਤੇ ਹੈਂ, ਸੋ ਭੀ ਬਜਾਕਰਣ ਵਤ ਵਿਦਜਾ ਕੇ ਅਭਿਆਸ ਕੇ ਮੂਲ ਹੈਂ, ਇਸ ਲੀਏ ਜੋ ਲੋਗ ਜਿਸ ਵਿਦਜਾ ਕੋ ਸੀਖਨੇ ਕੀ ਇੱਛਾ ਕਰਤੇ ਹੈਂ,ਪਹਿਲੇ ਉਸ ਕੇ ਗਜਾਨ ਕੇ ਅਰਥ ਕੇ ਵਾਸਤੇ ਤਿਸ ਕੇ ਕੋਸ਼ ਅਰ ਬਜਾਕਰਣ ਪੜ੍ਹਤੇ ਹੈਂ, ਕਿਉਂਕਿ ਬਜਾਕਰਣ ਬਿਨਾਂ ਪਦੋਂ ਕੇ ਯੋਗਜਕ ਅਰਥੋਂ ਕਾ ਗਜਾਨ ਨਹੀਂ ਹੋ ਸਕਤਾ, ਕੋਸ਼ ਬਿਨਾਂ ਰੂਢ ਪਦੋਂ ਕਾ ਵਾ ਯੋਗਜਕ ਰੂਢ ਪਦੋਂ ਕਾ ਅਰਥ ਗਜਾਨ ਨਹੀਂ ਹੋ ਸਕੇ।'

ਕੋਸ਼ ਭਰਨ ਦੇ ਢੰਗ- ਹੁਣ ਅਸਾਂ ਵਿਚਾਰ ਕਰਨੀ ਹੈ ਕਿ ਸ਼ਬਦ ਭੰਡਾਰ ਨੂੰ ਕਿਵੇਂ ਭਰਿਆ ਜਾ ਸਕਦਾ ਹੈ? ਹੇਠ ਲਿਖੇ ਚਾਰ ਢੰਗਾਂ ਨਾਲ ਕੋਸ਼ (ਸ਼ਬਦ ਭੰਡਾਰ) ਨੂੰ ਭਰਿਆ ਜਾ ਸਕਦਾ ਹੈ :-

1. ਜਨ ਸਾਧਾਰਨ ਦੀ ਬੋਲੀ ਵਿਚੋਂ ਚੁਣ ਕੇ ਆਪਣੀ ਰਚਨਾ ਵਿਚ ਵਰਤ ਕੇ ਜਾਂ ਕੋਸ਼ ਤਿਆਰ ਕਰਕੇ।

2. ਆਪਣੇ ਵਿਸ਼ਾਲ ਅਨਭਵ ਜਾਂ ਤੀਖਣ ਪ੍ਰਤਿਭਾ ਦੇ ਕਾਰਨ ਨਵੇਂ ਸ਼ਬਦ ਘੜ ਕੇ।

3. ਦੂਜੀਆਂ ਉੱਨਤ ਬੋਲੀਆਂ ਦੇ ਸ਼ਬਦਾਂ ਦਾ ਆਪਣੀ ਬੋਲੀ ਵਿਚ ਤਰਜਮਾ ਕਰਕੇ।

4. ਦੂਜੀਆਂ ਬੋਲੀਆਂ ਦੇ ਸ਼ਬਦਾਂ ਨੂੰ ਤਤਸਮ (ਹੂ-ਬ-ਹੂ ਰੂਪ) ਜਾਂ ਤਦਭਵ ਰੂਪ (ਬਦਲਿਆ ਹੋਇਆ ਰੂਪ) ਵਿਚ ਆਪਣੀ ਰਚਨਾ ਵਿਚ ਵਰਤ ਕੇ।

(6)

ਕੋਸ਼ਾਂ ਦੀਆਂ ਕਿਸਮਾਂ-ਪੁਰਾਣੇ ਸਮਿਆਂ ਵਿਚ ਭਾਵੇਂ ਕੋਸ਼ਾਂ ਦੀਆਂ ਬਹੁਤੀਆਂ ਕਿਸਮਾਂ ਨਹੀਂ ਸਨ,ਪਰ ਵਰਤਮਾਨ ਸਮੇਂ ਵਿਚ ਵਿੱਦਿਆ-ਵਿਸਥਾਰ ਦੇ ਬਹੁ-ਪੱਖੀ ਹੋ ਜਾਣ ਦੇ ਕਾਰਨ ਅਨੇਕ ਕਿਸਮਾਂ ਦੇ ਕੋਸ਼ ਛਪੇ ਮਿਲਦੇ ਹਨ ਤੇ ਹੋਰ ਤਿਆਰ ਕੀਤੇ ਜਾ ਰਹੇ ਹਨ। ਡਾ: ਜੀਤ ਸਿੰਘ 'ਸੀਤਲ' ਡਾਇਰੈਕਟਰ ਪੰਜਾਬੀ ਵਿਭਾਗ ਪਟਿਆਲਾ ਨੇ ਮਹਿਕਮੇ ਵੱਲੋਂ ਛਾਪੇ ਗਏ 'ਪੰਜਾਬੀ-ਪੰਜਾਬੀ-ਕੋਸ਼' ਦੇ ਮੁਖ-ਬੰਧ ਵਿਚ ਕੋਸ਼ਾਂ ਦੀਆਂ ਕੁਝ ਕਿਸਮਾਂ ਦਾ ਵਰਨਣ ਐਉਂ ਕੀਤਾ ਹੈ। ਅਸੀਂ ਪਾਠਕਾਂ ਦੀ ਦਿਲਚਸਪੀ ਤੇ ਜਾਣਕਾਰੀ ਲਈ ਹੇਠ ਦੇ ਰਹੇ ਹਾਂ :-

1. **ਸ਼ਬਦ ਕੋਸ਼**-ਉਹ ਕੋਸ਼ ਜਿਸ ਵਿਚ ਵਿਆਖਿਆ ਕੀਤੇ ਜਾਣ ਵਾਲੇ ਸ਼ਬਦਾਂ ਦੀ ਬਹੁ-ਗਿਣਤੀ ਹੋਵੇ।

2. **ਲਘੂ ਕੋਸ਼**-ਜਿਸ ਕੋਸ਼ ਵਿਚ ਆਮ ਵਰਤੋਂ ਦੇ ਸ਼ਬਦਾਂ ਦਾ ਹੀ ਸੰਗ੍ਰਹਿ ਹੋਵੇ, ਅਜਿਹੇ ਕੋਸ਼ਾਂ ਨੂੰ ਅੰਗ੍ਰੇਜ਼ੀ ਵਿਚ 'ਪ੍ਰੈਕਟੀਕਲ ਡਿਕਸ਼ਨਰੀ' ਆਖਦੇ ਹਨ।

3. **ਪਰਿਪੂਰਨ ਕੋਸ਼**-ਜਿਸ ਕੋਸ਼ ਵਿਚ ਸ਼ਬਦ ਨਾਲ ਸੰਬੰਧਤ ਹੇਠ ਲਿਖੀਆਂ ਨੌਂ ਗੱਲਾਂ ਬਾਰੇ ਪੂਰਨ ਵਾਕਫ਼ੀਅਤ ਦਿੱਤੀ ਹੋਈ ਹੈ:-

(ੳ) ਸ਼ਬਦ ਦਾ ਸ਼ੁੱਧ ਉਚਾਰਨ। (ਅ) ਵਿਆਕਰਣ ਵਿਸ਼ੇਸ਼ਤਾ। (ੲ) ਵਿਉਂਤਪਤੀ ਜਾਂ ਨਿਰੁਕਤੀ। (ਸ) ਵਰਤੋਂ ਸੂਚਕ ਟੂਕਾਂ। (ਹ) ਉਸ ਨਾਲ ਬਣੇ ਸਮਾਸ। (ਕ) ਮੁਹਾਵਰੇ। (ਖ) ਸਮ-ਅਰਥ। (ਗ) ਵਿਰੋਧਾ ਅਰਥ। (ਘ) ਉਪ ਬੋਲੀਆਂ ਦੇ ਰੂਪ।

ਜਿਵੇਂ ਕਿ ਅੰਗ੍ਰੇਜ਼ੀ ਵਿਚ ਆਕਸਫੋਰਡ ਨਿਊ ਇੰਗਲਿਸ਼ ਡਿਕਸ਼ਨਰੀ (1858-1927 ਈ:) ਜਿਹੜਾ ਕੋਸ਼ ਸੱਤਰ (70) ਸਾਲਾਂ ਵਿਚ ਤਿਆਰ ਹੋਇਆ ਸੀ, ਅਜਿਹੇ ਕੋਸ਼ ਆਮ ਵਰਤੋਂ ਵਿਚ ਘੱਟ ਆਉਂਦੇ ਹਨ। ਇਨ੍ਹਾਂ ਤੋਂ ਮਹਾਨ ਖੋਜੀ ਵਿਦਵਾਨ ਜਾਂ ਭਾਸ਼ਾ ਵਿਗਿਆਨੀ ਹੀ ਲਾਭ ਉਠਾਉਂਦੇ ਹਨ।

4. **ਗਿਆਨ ਕੋਸ਼**-ਜਿਸ ਕੋਸ਼ ਵਿਚ ਸ਼ਬਦਾਂ ਦੀ ਵਿਆਖਿਆ ਪ੍ਰਧਾਨ ਹੋਵੇ ਅਤੇ ਸ਼ਬਦਾਂ ਤੋਂ ਪ੍ਰਗਟ ਹੋਣ ਵਾਲੀ ਵਸਤੂ ਦਾ ਗਿਆਨ ਵਿਸਤ੍ਰਿਤ ਹੋਵੇ। ਪੰਜਾਬੀ ਵਿਚ ਅਜਿਹਾ ਇਕੋ-ਇਕ ਕੋਸ਼ ਭਾਈ ਕਾਨ੍ਹ ਸਿੰਘ ਜੀ ਨਾਭਾ ਦਾ ਲਿਖਿਆ ਹੋਇਆ 'ਸ੍ਰੀ ਗੁਰ ਸ਼ਬਦ ਰਤਨਾਕਰ' 'ਮਹਾਨ-ਕੋਸ਼' ਹੈ, ਅਜਿਹੇ ਕੋਸ਼ ਨੂੰ ਅੰਗ੍ਰੇਜ਼ੀ ਵਿਚ 'ਇਨਸਾਈਕਲੋਪੀਡੀਆ' ਆਖਦੇ ਹਨ।

5. **ਜੀਵਨੀ ਕੋਸ਼**-ਜਿਸ ਵਿਚ ਵਿਅਕਤੀਆਂ ਦੀਆਂ ਜੀਵਨੀਆਂ ਉਨ੍ਹਾਂ ਦੇ ਨਾਵਾਂ ਦੇ ਅੱਖਰ ਕ੍ਰਮ ਅਨੁਸਾਰ ਦਿੱਤੀਆਂ ਹੋਣ।

6. **ਉਪ ਬੋਲੀ ਕੋਸ਼**-ਇਹ ਅੱਡ-ਅੱਡ ਉਪ ਬੋਲੀਆਂ ਦੇ ਸ਼ਬਦਾਂ ਦੇ ਸੰਗ੍ਰਹਿ ਹੁੰਦੇ ਹਨ, ਜਿਵੇਂ ਮਹਿਕਮਾ ਪੰਜਾਬੀ ਵਜੋਂ ਛਾਪੇ ਜਾ ਰਹੇ 'ਪੁਆਧੀ' ਤੇ 'ਪੋਠੋਹਾਰੀ ਕੋਸ਼'।

7. **ਮੁਹਾਵਰਿਆਂ ਤੇ ਅਖਾਉਤਾਂ ਦੇ ਕੋਸ਼**-ਅਜਿਹੇ ਕੋਸ਼ ਪੰਜਾਬੀ ਵਿਚ ਕਈ ਛਪ ਚੁੱਕੇ ਹਨ। (ੳ) ਪ੍ਰੋ: ਸਾਹਿਬ ਸਿੰਘ ਦਾ ਪੰਜਾਬੀ ਸੁਹਜ ਪ੍ਰਕਾਸ਼ ਤੇ (ਅ) ਗਿ: ਲਾਲ ਸਿੰਘ ਸੰਗਰੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਆਏ ਅਖਾਣਾਂ ਨੂੰ 'ਅੰਮ੍ਰਿਤ ਅਖਾਣ' ਦੇ ਨਾਮ ਹੇਠ ਸੰਗ੍ਰਹਿ ਕੀਤਾ ਹੈ।

8. **ਵੱਖ-ਵੱਖ ਵਿਸ਼ਿਆਂ ਦੇ ਕੋਸ਼**-

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੋਸ਼- 1. 'ਗ੍ਰੰਥ ਗੁਰ ਗਿਰਾਰਥ ਕੋਸ਼' ਕ੍ਰਿਤ ਪੰਡਤ ਤਾਰਾ ਸਿੰਘ ਜੀ ਨਰਤੋਮ। 2. 'ਸ੍ਰੀ ਗੁਰੂ ਗ੍ਰੰਥ ਕੋਸ਼' ਕ੍ਰਿਤ ਪੰਡਤ ਹਜ਼ਾਰਾ ਸਿੰਘ ਜੀ ਜਿਸ ਨੂੰ ਬਾਅਦ ਵਿਚ ਭਾਈ ਵੀਰ ਸਿੰਘ ਜੀ ਨੇ ਸੋਧਿਆ ਤੇ ਵਧਾਇਆ। 3.'ਸ੍ਰੀ ਗੁਰੂ ਸ਼ਬਦ ਰਤਨਾਕਰ' 'ਮਹਾਨ ਕੋਸ਼' ਕ੍ਰਿਤ ਭਾਈ ਕਾਨ੍ਹ ਸਿੰਘ ਜੀ ਨਾਭਾ।

(ਅ) ਵਿਗਿਆਨਕ ਪਰਿਭਾਸ਼ਾ ਕੋਸ਼ ਜਾਂ ਸੰਕੇਤਾਵਲੀਆਂ, ਜਿਵੇਂ ਕਿ :-

i. **ਕਾਨੂੰਨੀ ਸ਼ਬਦ ਕੋਸ਼**- ਜਿਸ ਵਿਚ ਦਫਤ੍ਰੀ ਸ਼ਬਦਾਂ ਦਾ ਸੰਗ੍ਰਹਿ ਹੁੰਦਾ ਹੈ, ਜਿਵੇਂ ਮਹਿਕਮਾ ਪੰਜਾਬੀ ਪਟਿਆਲਾ ਵਲੋਂ ਛਾਪਿਆ 'ਕਾਨੂੰਨੀ ਸੰਕੇਤ ਕੋਸ਼'।

ii.**ਡਾਇਰੈਕਟਰੀ**- ਵਿਉਪਾਰ ਕੰਪਨੀਆਂ, ਪੇਸ਼ਾਵਰਾਂ ਦੁਕਾਨਦਾਰਾਂ, ਕਾਰਖਾਨਿਆਂ, ਟੈਲੀਫੋਨ ਐਕਸਚੇਂਜਾਂ ਆਦਿ ਦੇ ਨਾਵਾਂ ਦੇ ਕੋਸ਼ ਨੂੰ 'ਡਾਇਰੈਕਟਰੀ' ਆਖਦੇ ਹਨ।

iii. **ਗੈਜ਼ਟੀਅਰ**- ਨਗਰ, ਪਿੰਡ , ਦੇਸ਼, ਪ੍ਰਾਂਤ, ਦਰਿਆ ਤੇ ਪਹਾੜ ਆਦਿ ਦੇ ਨਾਵਾਂ ਦੇ ਕੋਸ਼ ਨੂੰ 'ਗੈਜ਼ਟੀਅਰ' ਆਖਦੇ ਹਨ।

9. **ਬਹੁ-ਅਰਥ ਕੋਸ਼**-ਉਹ ਕੋਸ਼ ਜਿਨ੍ਹਾਂ ਵਿਚ ਕੇਵਲ ਉਨ੍ਹਾਂ ਹੀ ਸ਼ਬਦਾਂ ਨੂੰ ਸੰਗ੍ਰਹਿ ਕੀਤਾ ਜਾਂਦਾ ਹੈ, ਜਿਨ੍ਹਾਂ ਸ਼ਬਦਾਂ ਦੇ ਬਹੁਤ-ਬਹੁਤ ਅਰਥ ਹੋਣ, ਜਿਵੇਂ ਨੰਦ ਦਾਸ ਕ੍ਰਿਤ 'ਆਨੇਕਾਰਥੀ।

10. **ਸਮ-ਅਰਥ ਕੋਸ਼**-ਇਹ ਕੋਸ਼ ਕੇਵਲ ਸ਼ਬਦ ਸੰਗ੍ਰਹਿ ਹੀ ਹੁੰਦੇ ਹਨ, ਹਰ ਸ਼ਬਦ ਦਾ ਅਰਥ, ਅਰਥ ਕੋਸ਼ਾਂ ਵਾਂਗ ਨਹੀਂ ਲਿਖਿਆ ਜਾਂਦਾ, ਸਗੋਂ ਇਕ ਸ਼ਬਦ ਸਿਰਲੇਖ ਵਾਂਗ, ਮੁੱਢ ਵਿਚ ਲਿਖ ਕੇ ਅੱਗੇ ਉਸ ਸ਼ਬਦ ਦੇ ਸਮ ਅਰਥ ਸ਼ਬਦ ਲਿਖ ਦੇਈਦੇ ਹਨ ਜਾਂ ਇਉਂ ਸਮਝੋ ਕਿ ਉਨ੍ਹਾਂ ਸਾਰੇ ਸ਼ਬਦਾਂ ਦਾ ਅਰਥ ਮੁੱਢਲਾ ਸ਼ਬਦ ਹੈ। ਜਿਵੇਂ ਸ਼ੇਰ ਸ਼ਬਦ ਮੁੱਢ 'ਚ ਲਿਖ ਕੇ ਉਸ ਦੇ ਸਮ ਅਰਥ ਸ਼ਬਦ ਸਿੰਘ, ਬਾਘ, ਪੰਚਾਨਨ ਆਦਿ ਲਿਖ ਦੇਈਦੇ ਹਨ। ਅਜਿਹੇ ਕੋਸ਼ਾਂ ਵਿਚ ਸੰਸਕ੍ਰਿਤ ਦਾ ਕੋਸ਼ ਪੰਡਤ

ਅਮਰ ਸਿਘ ਕ੍ਰਿਤ 'ਅਮਰ ਕੋਸ਼' 'ਮਾਨ ਮੰਜਰੀ ਨਾਮ ਮਾਲਾ','ਹਿੰਦੀ ਪ੍ਰਜਾਜ ਵਾਚੀ ਕੋਸ਼' ਤੇ ਮੇਰੇ ਲਿਖੇ ਇਸ ਸਮ ਅਰਥ-ਕੋਸ਼ ਨੂੰ ਗਿਣਿਆ ਜਾ ਸਕਦਾ ਹੈ। ਇਨ੍ਹਾਂ ਤੇ ਇਸ ਕਿਸਮ ਦੇ ਹੋਰ ਕੋਸ਼ਾਂ ਤੇ ਵਿਸਥਾਰ-ਪੂਰਬਕ ਵਿਚਾਰ ਅਸੀਂ ਅਗਲੇ ਪੰਨਿਆਂ ਤੇ ਅੱਗੇ ਚੱਲ ਕੇ ਕਰਾਂਗੇ।

7.

ਸਮ ਅਰਥਕ ਸ਼ਬਦ-ਪੜ੍ਹੇ-ਲਿਖੇ ਲੋਕਾਂ ਵਿਚ ਭਾਸ਼ਾ ਦੇ ਦੋ ਰੂਪ ਪ੍ਰਚੱਲਤ ਹੁੰਦੇ ਹਨ- (1) ਉਚਰਤ ਰੂਪ ਤੇ (2) ਲਿਖਤ ਰੂਪ। ਉਚਰਤ ਰੂਪ ਮੂੰਹੋਂ ਬੋਲੇ ਸ਼ਬਦਾਂ ਦਾ ਸੰਗ੍ਰਹਿ ਹੁੰਦਾ ਹੈ ਅਤੇ ਲਿਖਤ ਰੂਪ ਲਿਖਤੀ ਚਿੰਨ੍ਹਾਂ ਦਾ ਸਮੂੰਹ, ਜਿਨ੍ਹਾਂ ਨੂੰ ਅਸੀਂ ਅੱਖਰ ਆਖਦੇ ਹਾਂ, ਜੋ ਵਰਨਾਂ ਜਾਂ ਭਾਵਾਂ ਨੂੰ ਪ੍ਰਗਟ ਕਰਨ ਲਈ ਸੰਕੇਤ ਹੁੰਦੇ ਹਨ। ਕਿਸੇ ਭਾਸ਼ਾ ਦੇ ਅੱਖਰ ਸਮੂੰਹ ਨੂੰ ਲਿੱਪੀ ਆਖਦੇ ਹਨ। ਵਿਆਕਰਣ ਅਨੁਸਾਰ ਅੱਖਰਾਂ ਦੇ ਸਮੂੰਹ ਨੂੰ ਸ਼ਬਦ ਆਖਦੇ ਹਨ, ਸ਼ਬਦ ਸਾਰਥਕ ਤੇ ਨਿਰਾਰਥਕ ਦੋ ਤਰ੍ਹਾਂ ਦੇ ਹੁੰਦੇ ਹਨ। ਸਾਰਥਕ ਸ਼ਬਦਾਂ ਨੂੰ ਵੀ ਨਾਵ, ਪੜਨਾਵ, ਵਿਸ਼ੇਸ਼ਣ, ਕ੍ਰਿਆ, ਕ੍ਰਿਆ ਵਿਸ਼ੇਸ਼ਣ, ਸਬੰਧਕ, ਯੋਜਕ ਤੇ ਵਿਸਮਕ ਆਦਿ ਅੱਠਾਂ ਭਾਗਾਂ ਵਿਚ ਵੰਡਿਆ ਹੋਇਆ ਹੈ। ਸਾਰਥਕ ਸ਼ਬਦਾਂ ਨੂੰ ਅਰਥਾਂ ਦੇ ਨੁਕਤੇ ਤੋਂ ਦੋ ਤਰ੍ਹਾਂ ਨਾਲ ਵੰਡੀਦਾ ਹੈ-(1) ਸਮ ਅਰਥ (ਜਿਨ੍ਹਾਂ ਸ਼ਬਦਾਂ ਦਾ ਅਰਥ ਇਕੋ ਜਾਂ ਇਕੋ ਜਿਹਾ ਹੋਵੇ।) (2) ਵਿਰੋਧਾ ਅਰਥ (ਜਿਨ੍ਹਾਂ ਸ਼ਬਦਾਂ ਦਾ ਅਰਥ ਪਹਿਲੇ ਸ਼ਬਦ ਦੇ ਅਰਥ ਨਾਲੋਂ ਉਲਟ ਅਰਥ ਵਾਲਾ ਹੋਵੇ) ਏਥੇ ਅਸੀਂ ਸਿਰਫ ਸਮ ਅਰਥਕ ਸ਼ਬਦਾਂ ਬਾਰੇ ਹੀ ਵਿਚਾਰ ਪੇਸ਼ ਕਰਾਂਗੇ।

ਸਾਡੀ ਆਮ ਬੋਲਚਾਲ ਦੀ ਭਾਸ਼ਾ ਵਿਚ ਸਮ ਅਰਥਕ ਸ਼ਬਦਾਂ ਦੀ ਵਰਤੋਂ ਨਹੀਂ ਹੁੰਦੀ, ਜਿਸ ਕਰਕੇ ਸਾਨੂੰ ਇਕ ਅਰਥ ਵਿਚ ਇਕੋ ਹੀ ਸ਼ਬਦ ਦੀ ਵਰਤੋਂ (ਜੋ ਪਰੰਪਰਾ ਤੋਂ ਚਲੀ ਆਉਂਦੀ ਹੈ) ਕਰਨ ਦੀ ਆਦਤ ਪੱਕ ਜਾਂਦੀ ਹੈ। ਕਿਤੇ-ਕਿਤੇ ਇਕ ਅਰਥ ਤੋਂ ਵਧੀਕ ਦੋ ਜਾਂ ਤਿੰਨ ਸ਼ਬਦਾਂ ਨੂੰ ਅਸੀਂ ਵਰਤ ਲੈਂਦੇ ਹਾਂ, ਜਿਵੇਂ ਪਾਣੀ ਲਈ ਪਾਣੀ ਤੇ ਜਲ ਅਤੇ ਧਰਤੀ ਲਈ ਧਰਤੀ, ਜ਼ਮੀਨ ਤੇ ਭੁਇਂ ਆਦਿ ਸ਼ਬਦ। ਜੇ ਇਨ੍ਹਾਂ ਆਮ ਵਰਤੀਂਦੇ ਸ਼ਬਦਾਂ ਤੋਂ ਇਲਾਵਾ ਪਾਣੀ ਲਈ ਤੋਇ, ਵਾਰੀਤ, ਆਬ ਅਤੇ ਧਰਤੀ ਲਈ ਖਿਮਾਂ ਤੇ ਕਾਸਪੀ ਆਦਿ ਸ਼ਬਦ ਵਰਤੇ ਜਾਣ ਤਾਂ ਸੁਣਨ ਵਾਲੇ ਆਮ ਲੋਕ ਬੋਲਣ ਵਾਲੇ ਦੀ ਅਕਲ ਦਾ ਮਖੌਲ ਹੀ ਉਡਾਉਣਗੇ। ਪਰ ਕਾਵਿ ਵਿਚ ਇਨ੍ਹਾਂ ਸਮ ਅਰਥਕ ਸ਼ਬਦਾਂ ਦੀ ਵਰਤੋਂ ਆਮ ਤੇ ਬੜੇ ਗੌਰਵ ਨਾਲ ਕੀਤੀ ਜਾਂਦੀ ਹੈ। ਵਧੇਰੇ ਸਮ ਅਰਥਕ ਸ਼ਬਦਾਂ ਨੂੰ ਆਪਣੀ ਕਾਵਿ ਰਚਨਾ ਵਿਚ ਵਰਤਣ ਵਾਲੇ ਕਵੀ ਦੀ ਕਾਵਿ ਕਲਾ ਦੀ ਨਿਪੁੰਨਤਾ ਦੀ ਚਰਚਾ ਹਰ ਚੰਗੇ ਪਾਠਕ ਦੀ ਜ਼ਬਾਨ 'ਤੇ ਹੁੰਦੀ ਹੈ।

ਕਿਸੇ ਦੇਸ਼, ਪ੍ਰਾਂਤ ਜਾਂ ਸਮਾਜ ਦੀ ਆਮ ਬੋਲ-ਚਾਲ ਦੀ ਭਾਸ਼ਾ ਆਮ ਤੌਰ 'ਤੇ ਸਰਲ, ਸਾਦਾ, ਠੇਠ ਤੇ ਪਰੰਪਰਿਤ ਹੁੰਦੀ ਹੈ, ਪਰ ਉਸੇ ਦੇਸ਼, ਪ੍ਰਾਂਤ ਜਾਂ ਸਮਾਜ ਦੇ ਸਾਹਿਤ ਦੀ ਭਾਸ਼ਾ ਆਮ ਬੋਲ-ਚਾਲ ਦੀ ਭਾਸ਼ਾ ਤੋਂ ਕਿਤੇ ਵਧੇਰੇ ਕਠਨ ਤੇ ਅਪ੍ਰਚੱਲਤ ਹੁੰਦੀ ਹੈ। ਕਾਰਨ ਇਸ ਦਾ ਇਹੋ ਹੀ ਜਾਪਦਾ ਹੈ ਕਿ ਆਮ ਬੋਲ-ਚਾਲ ਦੀ ਭਾਸ਼ਾ ਅਨਪੜ੍ਹ ਤੇ ਪੜ੍ਹੇ-ਲਿਖੇ ਸਮਾਜ ਵਿਚ ਇਕੋ ਮਿਕਦਾਰ ਨਾਲ ਵਰਤੀ ਜਾਂਦੀ ਹੈ, ਜਿਸ ਕਰਕੇ ਉਸ ਦਾ ਸਰਲ, ਠੇਠ, ਵਿਆਪਕ ਤੇ ਪ੍ਰਾਚੀਨ ਰੂਪ ਹੀ ਵਰਤੋਂ ਵਿਚ ਆਉਂਦਾ ਹੈ। ਇਸ ਦੇ ਉਲਟ ਸਾਹਿਤ ਦੀ ਭਾਸ਼ਾ ਸਿਰਫ ਪੜ੍ਹੇ-ਲਿਖੇ ਸਮਾਜ ਦੀ ਵਰਤੋਂ ਵਿਚ ਹੀ ਆਉਂਦੀ ਹੈ, ਇਸ ਲਈ ਇਸ ਦਾ ਥਾਂ ਆਮ ਬੋਲ-ਚਾਲ ਦੀ ਭਾਸ਼ਾ ਤੋਂ ਘੱਟ ਵਿਆਪਕ ਤੇ ਰੂਪ ਕਿਤੇ-ਕਿਤੇ ਅਤਿ ਕਲਿਸ਼ਟ (ਬਹੁਤ ਕਠਨ) ਹੋ ਜਾਂਦਾ ਹੈ। ਇਸ ਸਾਹਿਤਕ ਭਾਸ਼ਾ ਵਿਚ ਹੀ ਅਸੀਂ ਇਕ ਅਰਥ ਦਾ ਗਿਆਨ ਕਰਾਉਣ ਲਈ ਅਨੇਕਾਂ ਸਮ ਅਰਥਕ ਸ਼ਬਦਾਂ ਦੀ ਵਰਤੋਂ ਕਰਦੇ ਹਾਂ।

ਕਈ ਸ਼ਬਦ ਬਹੁ-ਅਰਥਕ ਹਨ ਜੋ ਬਹੁਤੇ ਸ਼ਬਦਾਂ ਦੇ ਸਮ-ਅਰਥਕ ਹਨ, ਜਿਵੇਂ 'ਹਰ' ਸ਼ਬਦ ਦੇ ਪਾਣੀ, ਸ਼ਿਵ ਤੇ ਸੱਪ ਆਦਿ ਲਗ-ਭਗ 40 ਅਰਥ ਹਨ, ਇਵੇਂ ਹੀ 'ਸਾਰੰਗ' ਤੇ 'ਅਰਜਨ' ਆਦਿ ਸ਼ਬਦਾਂ ਦੇ ਵੀ ਸੋਲਾਂ-ਸੋਲਾਂ ਅਰਥ ਹਨ, ਅਜਿਹੇ ਸ਼ਬਦਾਂ ਦੇ ਬਹੁਤੇ ਅਰਥ ਹੋਣ ਦੇ ਬਾਵਜੂਦ ਪ੍ਰਸੰਗ ਅਨੁਸਾਰ ਇਕੋ ਅਰਥ ਦਾ ਹੀ ਗਿਆਨ ਕਰਾਉਣ ਲਈ ਵਿਦਵਾਨ ਉਨ੍ਹਾਂ ਨੂੰ ਵਰਤਦੇ ਹਨ।

'ਵਾਚਕ' ਸ਼ਬਦਾਂ ਤੋਂ ਬਿਨਾਂ ਕਈ ਵਾਰ ਅਸੀਂ ਆਪਣੇ ਭਾਵਾਂ ਨੂੰ ਪ੍ਰਗਟ ਕਰਨ ਸਮੇਂ ਸ਼ਬਦਾਂ ਦੇ 'ਲੱਖਜਕ' ਤੇ 'ਵਿਅੰਜਕ' ਰੂਪਾਂ ਦੀ ਵੀ ਵਰਤੋਂ ਕਰ ਲੈਂਦੇ ਹਾਂ। ਅਰਥ ਕਰਨ ਸਮੇਂ ਉਨ੍ਹਾਂ ਦੇ 'ਵਾਚ' ਅਰਥ ਨੂੰ ਛੱਡ ਕੇ ਲੱਖਜਕ ਅਰਥ ਜਾਂ ਵਿਅੰਜਕ ਅਰਥ ਦਾ ਹੀ ਗਿਆਨ ਕਰਾਉਣਾ ਠੀਕ ਹੁੰਦਾ ਹੈ, ਜਿਵੇਂ ਕੋਈ ਕਹੇ ਕਿ 'ਤੁਸੀਂ ਤਾਂ ਬੜੇ ਨਾਰਦ ਹੋ' 'ਉਹ ਤਾਂ ਕਾਂ ਹੈ'। 'ਉਹ ਤਾਂ ਸੁੱਕ ਕੇ ਤੀਲਾ ਹੋ ਗਿਆ ਹੈ।' ਇਨ੍ਹਾਂ ਵਾਕਾਂ ਵਿਚ ਕਹਿਣ ਵਾਲੇ ਦਾ ਭਾਵ ਨਾਰਦ, ਕਾਂ ਤੇ ਤੀਲੇ ਦੇ ਵਾਚ ਅਰਥ ਤੋਂ ਸਪੱਸ਼ਟ ਨਹੀਂ ਹੋ ਸਕਦਾ, ਇਸ ਲਈ ਏਥੇ ਵਾਚ ਅਰਥ ਨੂੰ ਛੱਡ ਕੇ ਲੱਖਜਕ ਅਰਥ ਦਾ ਗਿਆਨ ਹੀ ਭਾਵ ਨੂੰ ਸਪੱਸ਼ਟ ਕਰ ਸਕਦਾ ਹੈ, ਜਿਵੇਂ ਕਿ ਨਾਰਦ ਦਾ ਲੱਖਜਕ ਅਰਥ ਹੈ ਝਗੜਾਲੂ, ਕਾਂ ਦਾ ਚੰਚਲ ਤੇ ਤੀਲੇ ਦਾ ਬਹੁਤ ਕਮਜ਼ੋਰ। ਐਉਂ ਵਕਤੇ ਦਾ ਭਾਵ ਸਪੱਸ਼ਟ ਹੋ ਜਾਂਦਾ ਹੈ। ਸ਼ਬਦਾਂ ਦੇ ਬਹੁਤੇ ਅੱਡ-ਅੱਡ ਸਮ ਅਰਥ ਉਨ੍ਹਾਂ ਦੇ ਗੁਣ, ਦੋਸ਼, ਬਲ, ਫਲ, ਅਕਾਰ, ਪ੍ਰਕਾਰ ਆਦਿ ਦੇ ਅਨੁਸਾਰ ਅੱਡ-ਅੱਡ ਹਾਲਤਾਂ ਵਿਚ ਇਕ ਦੂਜੇ ਨਾਲ ਜੁੜ ਸਕਦੇ ਹਨ, ਜਿਸ ਕਰਕੇ ਇਨ੍ਹਾਂ ਸਮ ਅਰਥਕ ਸ਼ਬਦਾਂ ਦੀ ਠੀਕ ਵਰਤੋਂ, ਵਰਤੋਂ ਕਰਨ ਵਾਲੇ ਤੇ ਨਿਰਭਰ ਕਰਦੀ ਹੈ ਕਿ ਉਹ ਉਨ੍ਹਾਂ ਦੀ ਵਰਤੋਂ ਯੋਗ ਢੰਗ ਨਾਲ

ਕਰੇ ਜਾਂ ਅਯੋਗ ਢੰਗ ਨਾਲ। ਸਮ ਅਰਥ ਤਾਂ ਸਾਰੇ ਠੀਕ ਹੀ ਹਨ। ਠੀਕ ਵਰਤੋਂ ਕਰਨ ਵਾਲੇ ਸੋਭਾ ਦੇ, ਤੇ ਠੀਕ ਵਰਤੋਂ ਨਾ ਕਰਨ ਵਾਲੇ ਆਪਣੀ ਨਿੰਦਾ ਦੇ ਭਾਗੀ ਹੋ ਸਕਦੇ ਹਨ।

ਸਮ ਅਰਥਕ ਸ਼ਬਦਾਂ ਦਾ ਅਰਥ ਵਿਸਥਾਰ ਤੇ ਵਰਤੋਂ ਖੇਤਰ ਹਰ ਥਾਂ ਪੂਰੀ ਤਰ੍ਹਾਂ ਇਕ ਦੂਜੇ ਦੇ ਨਾਲ ਹੂ-ਬ-ਹੂ ਨਹੀਂ ਮਿਲਦਾ ਕੁਝ-ਨਾ-ਕੁਝ ਫਰਕ ਜ਼ਰੂਰ ਹੁੰਦਾ ਹੈ। ਜਿਵੇਂ ਪਾਣੀ ਤੇ ਜਲ ਦੋਹਾਂ ਸ਼ਬਦਾਂ ਦਾ ਅਰਥ ਇਕੋ ਹੀ ਹੈ, ਜਿਸ ਕਰਕੇ ਇਹ ਦੋਨੋਂ ਇਕ ਦੂਜੇ ਦੇ ਥਾਂ ਵਰਤੇ ਜਾ ਸਕਦੇ ਹਨ। ਜਿਵੇਂ 'ਠੰਡਾ ਪਾਣੀ ਪੀਓ', 'ਠੰਡਾ ਜਲ ਪੀਓ।' ਇਕੋ ਅਰਥ ਹੋਣ ਦੇ ਬਾਵਜੂਦ ਵਰਤੋਂ ਸਮੇਂ ਇਹ ਗੱਲ ਹਰ ਥਾਂ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦੀ, ਜਿਵੇਂ ਆਮ ਵਰਤੋਂ ਵਿਚ ਕਹੀਦਾ ਹੈ, 'ਗੰਗਾ ਜਲ ਲਿਆਉ' ਪਰ 'ਗੰਗਾ ਪਾਣੀ ਲਿਆਉ' ਕੋਈ ਵੀ ਨਹੀਂ ਵਰਤਦਾ। ਇਸੇ ਤਰ੍ਹਾਂ ਘਰ ਤੇ ਮਕਾਨ ਦੋਨੋਂ ਸ਼ਬਦ ਸਮ ਅਰਥਕ ਹਨ, ਬੋਲਣ ਜਾਂ ਲਿਖਣ ਵਾਲਾ ਦੋਹਾਂ ਚੋਂ ਆਪਣੀ ਮਰਜ਼ੀ ਨਾਲ ਕਿਸੇ ਨੂੰ ਵਰਤ ਲਵੇ ਕੋਈ ਫਰਕ ਨਹੀਂ ਪੈਂਦਾ, ਜਿਵੇਂ ਕੋਈ ਕਹੇ ਕਿ ਇਹ 'ਕਿਸ ਦਾ ਘਰ ਹੈ' ਜਾਂ 'ਇਹ ਕਿਸ ਦਾ ਮਕਾਨ ਹੈ।' ਪਰ ਜਦੋਂ ਘਰ ਸ਼ਬਦ ਦੀ ਵਰਤੋਂ ਤੀਵੀਂ ਜਾਂ ਔਰਤ ਲਈ ਕੀਤੀ ਜਾਵੇ, ਜਿਵੇਂ 'ਉਸ ਦੇ ਘਰੋਂ ਬੀਮਾਰ ਹੈ' ਏਥੇ ਘਰ ਦੀ ਥਾਂ ਮਕਾਨ ਨਹੀਂ ਵਰਤ ਸਕਦੇ, ਜਿਵੇਂ ਕਿ ਉਸ ਦੇ 'ਮਕਾਨੋਂ' ਬੀਮਾਰ ਹੈ ਸੁਣ ਕੇ ਕੋਈ ਵੀ ਨਹੀਂ ਸਮਝੇਗਾ ਕਿ ਇਥੇ ਘਰ ਵਾਲੀ ਔਰਤ ਬੀਮਾਰ ਹੈ। ਫਿਰ ਵੀ ਅਰਥ ਵਿਸਥਾਰ ਤੇ ਵਰਤੋਂ ਖੇਤਰ ਦਾ ਬਹੁਤਾ ਹਿੱਸਾ ਆਪਸ ਵਿਚ ਸਾਂਝਾ ਹੁੰਦਾ ਹੈ, ਜੋ ਇਕ ਦੂਜੇ ਦੇ ਫਰਕ ਨੂੰ ਢੱਕ ਲੈਂਦਾ ਹੈ।

ਕਈ ਸਮ ਅਰਥਕ ਸ਼ਬਦ ਅਸਲ ਵਿਚ ਪਹਿਲੋਂ-ਪਹਿਲ ਉਸ ਬੋਲੀ ਦੀਆਂ ਉਪ ਬੋਲੀਆਂ ਦੇ ਹੀ ਰੂਪ ਹੁੰਦੇ ਹਨ। ਜਿਵੇਂ ਸ਼ਬਦ ਚੱਲ ਤੇ ਤੁਰ ਮਲਵਈ, ਟੁਰ ਮਾਝੀ, ਵੰਞ ਤੇ ਜੁਲ ਲਹਿੰਦੀ ਪੰਜਾਬੀ ਹੈ, ਇਹ ਸ਼ਬਦ ਜਿਥੇ ਪੰਜਾਬੀ ਬੋਲੀ ਦੀਆਂ ਉਪ ਬੋਲੀਆਂ ਦੇ ਸ਼ਬਦ ਹਨ ਉਥੇ ਪੰਜਾਬੀ ਬੋਲੀ ਵਿਚ ਇਹ ਸਮ ਅਰਥਕ ਸ਼ਬਦ ਹਨ।

ਕਈ ਸਮ ਅਰਥਕ ਸ਼ਬਦ ਅੱਡ-ਅੱਡ ਦੇਸ਼ਾਂ ਦੀਆਂ ਅੱਡ-ਅੱਡ ਬੋਲੀਆਂ ਦੇ ਹੁੰਦੇ ਹਨ, ਜਿਵੇਂ ਉਸਤਾਦ (ਉਰਦੂ) ਅਧਿਆਪਕ (ਹਿੰਦੀ ਤੇ ਪੰਜਾਬੀ) ਤੇ ਟੀਚਰ (ਇੰਗਲਿਸ਼), ਪਰ ਇਹ ਸ਼ਬਦ ਪੰਜਾਬੀ ਬੋਲੀ ਵਿਚ ਏਨੇ ਪ੍ਰਚੱਲਤ ਹੋ ਗਏ ਹਨ ਕਿ ਹੁਣ ਇਹ ਸ਼ਬਦ ਪੰਜਾਬੀ ਭਾਸ਼ਾ ਦੇ ਸਮ ਅਰਥਕ ਸ਼ਬਦ ਬਣ ਗਏ ਹਨ।

8.

ਸਮ ਅਰਥ ਕੋਸ਼ਾਂ ਦੀ ਲੋੜ- ਭਾਵੇਂ ਹਰ ਦੇਸ਼, ਪ੍ਰਾਂਤ ਤੇ ਸਮਾਜ ਦੇ ਸਾਹਿਤ ਵਿਚ ਹੋਰ ਹਰ ਕਿਸਮ ਦੇ ਕੋਸ਼ਾਂ ਦੀ ਹਮੇਸ਼ਾਂ ਅਵੱਸ਼ ਲੋੜ ਬਣੀ ਰਹਿੰਦੀ ਹੈ, ਪਰ ਕਿਸੇ ਸਾਹਿਤ ਵਿਚ ਬਹੁ-ਪੱਖੀ, ਸੁਆਦਲੀ ਤੇ ਉੱਤਮ ਰਚਨਾ ਕਰਨ ਲਈ ਸਮ ਅਰਥ ਕੋਸ਼ਾਂ ਦੀ ਵੀ ਕੋਈ ਘੱਟ ਲੋੜ ਨਹੀਂ। ਜਦ ਕਵੀ ਜਾਂ ਲੇਖਕ ਆਪਣੀ ਰਚਨਾ ਵਿਚ ਪਹਿਲਾਂ ਇਕ ਸ਼ਬਦ ਕਿਸੇ ਅਰਥ ਵਿਚ ਵਰਤ ਚੁਕਦਾ ਹੈ ਤੇ ਫੇਰ ਦੋਬਾਰਾ ਉਸ ਨੇ ਉਸੇ ਹੀ ਅਰਥ ਨੂੰ ਪ੍ਰਗਟ ਕਰਨਾ ਹੁੰਦਾ ਹੈ। ਜੇ ਉਹ ਉਸੇ ਪਹਿਲੇ ਸ਼ਬਦ ਨੂੰ ਹੀ ਬਾਰ-ਬਾਰ ਵਰਤੇ ਤਾਂ ਉਹ ਸ਼ਬਦ ਚੰਗਾ ਪ੍ਰਭਾਵ ਪੈਦਾ ਕਰਨ ਦੀ ਥਾਂ ਬੁਰਾ ਪ੍ਰਭਾਵ ਉਤਪੰਨ ਕਰ ਜਾਂਦੇ ਹਨ। ਆਪਣੀ ਰਚਨਾ 'ਚੋਂ ਇਸ ਪੁਨਰੁਕਤੀ ਦੋਸ਼ ਨੂੰ ਦੂਰ ਕਰਨ ਲਈ ਜਦ ਲੇਖਕ ਜਾਂ ਕਵੀ ਉਸੇ ਅਰਥ ਦਾ ਵਾਚਕ ਕੋਈ ਹੋਰ ਸ਼ਬਦ ਢੂੰਡਦਾ ਹੈ ਤਾਂ ਨਵਾਂ ਸ਼ਬਦ ਛੇਤੀ-ਛੇਤੀ ਉਸ ਦੇ ਖਿਆਲ ਵਿਚ ਨਹੀਂ ਆਉਂਦਾ। ਉਹ ਇਸ ਮੁਸ਼ਕਲ 'ਚੋਂ ਨਿਕਲਣ ਲਈ ਅਰਥ ਕੋਸ਼ਾਂ ਵਿਚੋਂ ਆਪਣਾ ਵਾਂਛਤ ਸਮ ਅਰਥਕ ਸ਼ਬਦ ਢੂੰਡਦਾ ਹੈ। ਚੂੰਕਿ ਅਰਥ ਕੋਸ਼ਾਂ ਵਿਚ ਸਮ ਅਰਥਕ ਸ਼ਬਦਾਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ, ਜਿਸ ਕਰਕੇ ਆਮ ਕਵੀ ਜਾਂ ਲੇਖਕ ਪਾਸ ਸਮ ਅਰਥਕ ਸ਼ਬਦ ਭੰਡਾਰ ਦੀ ਪੂੰਜੀ ਬਹੁਤ ਜ਼ਿਆਦਾ ਨਹੀਂ ਹੁੰਦੀ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਹ ਆਪਣੇ ਕੋਲ ਦੇ ਆਮ ਵਰਤੋਂ ਦੇ ਕੁਝ ਖਾਸ ਹੀ ਗਿਣੇ-ਮਿਣੇ ਸ਼ਬਦਾਂ ਦੀ ਥੋੜੀ ਜਿਹੀ ਪੂੰਜੀ ਨਾਲ ਹੀ ਸਾਹਿਤਕ ਮੈਦਾਨ ਵਿਚ ਆ ਉਤਰਦੇ ਹਨ, ਜਿਸ ਕਰਕੇ ਉਹ ਆਪਣੀਆਂ ਰਚਨਾਵਾਂ ਵਿਚ ਸ਼ਬਦ ਦਲਿੱਦ੍ਰਤਾ ਦਾ ਹੀ ਪ੍ਰਗਟਾਵਾ ਕਰਦੇ ਹਨ। ਜਦ ਕਿਸੇ ਲੇਖਕ ਜਾਂ ਕਵੀ ਨੂੰ ਸਮ ਅਰਥ ਸ਼ਬਦਾਂ ਦੀ ਲੋੜ ਅਨੁਭਵ ਹੁੰਦੀ ਹੈ ਤੇ ਅਰਥ ਕੋਸ਼ ਉਸ ਦੀ ਪੂਰੀ ਮਦਦ ਕਰ ਨਹੀਂ ਸਕਦੇ, ਤਦੋਂ ਅਜਿਹੀ ਹਾਲਤ ਵਿਚ ਸਮ ਅਰਥ ਕੋਸ਼ਾਂ ਦੀ ਲੋੜ ਮਹਿਸੂਸ ਹੁੰਦੀ ਹੈ, ਕਿਉਂਕਿ ਸਮ ਅਰਥ ਕੋਸ਼ ਕਵੀ ਜਾਂ ਲੇਖਕ ਨੂੰ ਉਸ ਦੀ ਇਸ ਮੁਸ਼ਕਲ ਵਿਚੋਂ ਮੁਕਤ ਕਰ ਦੇਂਦੇ ਹਨ। ਸਮ ਅਰਥ ਕੋਸ਼ਾਂ ਵਿਚੋਂ ਉਨ੍ਹਾਂ ਨੂੰ ਉਨ੍ਹਾਂ ਦੇ ਵਾਂਛਤ ਅਰਥਾਂ ਦੇ ਹੋਰ ਅਨੇਕਾਂ ਸੁੰਦਰ ਸ਼ਬਦ ਆਸਾਨੀ ਨਾਲ ਲੋੜੀਂਦੀ ਮਿਕਦਾਰ ਵਿਚ ਲੱਭ ਪੈਂਦੇ ਹਨ, ਜਿਹਨਾਂ ਦੀ ਵਰਤੋਂ ਨਾਲ ਉਹ ਆਪਣੀ ਰਚਨਾ ਨੂੰ ਸੁਆਦਲੀ, ਅਲੰਕ੍ਰਿਤ ਤੇ ਰਸ-ਭਰਪੂਰ ਬਣਾ ਲੈਂਦੇ ਹਨ ਤੇ ਸਾਹਿਤ ਜਗਤ ਵਿਚ ਆਦਰ ਪਾਉਂਦੇ ਹਨ। ਇਨ੍ਹਾਂ ਕੋਸ਼ਾਂ ਵਿਚੋਂ ਕਵੀ ਜਾਂ ਲੇਖਕ ਨੂੰ ਦ੍ਰਿਸ਼ਜ ਵਰਨਣ ਲਈ ਫੱਲਾਂ, ਫੁੱਲਾਂ, ਦਰੱਖਤਾਂ, ਪਸ਼ੂਆਂ ਪੰਛੀਆਂ ਅਤੇ ਸ਼ਹਿਰਾਂ, ਪਿੰਡਾ ਦਰਿਆਵਾਂ, ਪਹਾੜਾਂ ਤੇ ਉਨ੍ਹਾਂ ਦੇ ਨਿਕਟ ਸੰਬੰਧੀ ਪਦਾਰਥਾਂ ਦੇ ਨਾਵਾਂ ਦੇ ਵੱਖ-ਵੱਖ ਰੂਪਾਂ ਤੇ ਵਜ਼ਨਾਂ ਦੇ ਸ਼ਬਦ ਆਸਾਨੀ ਨਾਲ ਇਕੋ ਥਾਂ ਤੋਂ ਇਕੱਤ੍ਰ ਮਿਲ ਜਾਂਦੇ ਹਨ, ਜੋ ਕਵੀ ਦੀ ਰਚਨਾ ਦੀ ਖ਼ੂਬਸੂਰਤੀ

'ਚ ਵਾਧਾ ਕਰ ਦੇਂਦੇ ਹਨ। ਕਿਉਂਕਿ ਕਵੀ ਨੂੰ ਆਪਣੇ ਤੋਲ, ਬਹਿਰ ਜਾਂ ਕਾਫੀਏ ਨੂੰ ਸਾਵਾਂ ਰੱਖਣ ਲਈ ਜਿੰਨਿਆਂ ਅੱਖਰਾਂ, ਮਾਤ੍ਰਾਂ ਜਾਂ ਗੁਣਾਂ ਵਾਲੇ ਵਾਂਛਤ ਅਰਥ ਦੇ ਦੇਣ ਵਾਲੇ ਸ਼ਬਦ ਲੋੜੀਂਦੇ ਹੁੰਦੇ ਹਨ ਉਹ ਸਾਰੇ ਸਹਿਜੇ ਹੀ ਇਕੋ ਥਾਂ ਤੋਂ ਲੱਭ ਪੈਂਦੇ ਹਨ, ਜਿਨ੍ਹਾਂ ਦੀ ਸੁਘੜ ਵਰਤੋਂ ਦਾ ਸਦਕਾ ਉਹ ਸਾਹਿਤਕਾਰ, ਸਾਹਿਤ ਗਗਨ ਦਾ ਸੂਰਜ ਹੋ ਚਮਕਦਾ ਹੈ। ਪ੍ਰਾਚੀਨ ਸਮੇਂ ਵਿਚ ਸਮ ਅਰਥਕ ਸ਼ਬਦ ਕੋਸ਼ਾਂ ਨੂੰ ਹੀ ਵਿਦਵਾਨ ਕਾਵਿ ਕੋਸ਼ ਦਾ ਨਾਮ ਦੇਂਦੇ ਸਨ, ਕਾਵਿ ਰਚਨਾ ਦਾ ਅਧਾਰ ਵਧੇਰੇ ਕਰਕੇ ਅਜਿਹੇ ਕੋਸ਼ ਹੀ ਹੋਇਆ ਕਰਦੇ ਸਨ, ਜਿਨ੍ਹਾਂ ਵਿਚੋਂ ਕਵੀ ਨੂੰ ਵਾਂਛਿਤ ਸ਼ਬਦ ਸਮੱਗ੍ਰੀ ਸਹਿਜੇ ਹੀ ਮਿਲ ਜਾਇਆ ਕਰਦੀ ਸੀ।

ਹਰ ਮਹਾਨ ਕਵੀ ਨੂੰ ਆਪਣੀ ਕਾਵਿ ਕਲਾ ਵਿਚ ਨਿਪੁੰਨਤਾ ਪ੍ਰਾਪਤ ਕਰਨ ਲਈ ਅਜਿਹੇ ਸ਼ਬਦ ਕੋਸ਼ਾਂ ਦੀ ਭਾਰੀ ਲੋੜ ਰਹਿੰਦੀ ਸੀ। ਪ੍ਰੈਸ ਦੇ ਨਾ ਹੋਣ ਦੇ ਕਾਰਨ ਉਨ੍ਹਾਂ ਨੂੰ ਜਾਂ ਤਾਂ ਅਜਿਹੇ ਕੋਸ਼ਾਂ ਦੇ ਉਤਾਰੇ ਕਰਕੇ ਆਪਣੇ ਕੋਲ ਰੱਖਣੇ ਪੈਂਦੇ ਸਨ ਜਾਂ ਆਪਣੇ ਤੋਰ 'ਤੇ ਉਹਨਾਂ ਨੂੰ ਆਪਣੇ ਢੰਗ ਨਾਲ ਸਮ ਅਰਥਕ ਸ਼ਬਦਾਂ ਨੂੰ ਸੰਚਜ ਕਰਨਾ ਪੈਂਦਾ ਸੀ। ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਸੰਸਕ੍ਰਿਤ ਦੇ ਅਮਰ ਕੋਸ਼ ਦਾ ਉਲਥਾ ਬ੍ਰਿਜ ਭਾਸ਼ਾ ਕਾਵਿ 'ਚ ਕਰਕੇ ਕੋਲ ਸਾਂਭਿਆ ਹੋਇਆ ਸੀ, ਜਿਸ ਦਾ ਨਾਮ ਉਨ੍ਹਾਂ 'ਨਾਮ ਕੋਸ਼' ਰੱਖਿਆ। ਪਾਠਕਾਂ ਦੀ ਦਿਲਚਸਪੀ ਤੇ ਗਿਆਨ ਦੇ ਵਾਧੇ ਲਈ ਅਜਿਹੇ ਕੁਝ-ਕੁ ਸਮ ਅਰਥ ਕੋਸ਼ ਜਿਨ੍ਹਾਂ ਬਾਰੇ ਖੋਜ ਕੀਤਿਆਂ ਪਤਾ ਚੱਲ ਸਕਿਆ ਹੈ, ਹੇਠ ਵੇਰਵੇ ਸਹਿਤ ਜ਼ਿਕਰ ਕਰਦੇ ਹਾਂ।

9.

ਸਮ ਅਰਥ ਕੋਸ਼ਾਂ ਦਾ ਵੇਰਵਾ

1. ਅਮਰ ਕੋਸ਼-ਸੰਸਕ੍ਰਿਤ ਭਾਸ਼ਾ ਦੇ ਸਮ ਅਰਥਕ ਸ਼ਬਦਾਂ ਦਾ ਇਹ ਸਭ ਤੋਂ ਪਹਿਲਾ ਜਗਤ ਪ੍ਰਸਿੱਧ ਇਕੋ ਇਕ ਕੋਸ਼ ਹੈ। ਇਸ ਦੇ ਲੇਖਕ ਪੰਡਿਤ ਅਮਰ ਸਿੰਘ ਸੰਸਕ੍ਰਿਤ ਦੇ ਮਹਾਨ ਵਿਦਵਾਨ ਹੋ ਗੁਜ਼ਰੇ ਹਨ। ਇਹ ਮਹਾਰਾਜਾ ਬਿਕ੍ਰਮਾਦੱਤ ਦੇ ਦਰਬਾਰੀ ਨੌਂ ਰਤਨਾਂ ਵਿਚੋਂ ਇਕ ਸਨ। ਵਿਦਵਾਨਾਂ ਨੇ ਇਨ੍ਹਾਂ ਨੂੰ ਬੁੱਧ ਧਰਮ ਦਾ ਪੈਰੋਕਾਰ ਮੰਨਿਆ ਹੈ। ਇਹ ਕੋਸ਼ ਸੰਸਕ੍ਰਿਤ ਦੇ ਸ਼ਲੋਕਾਂ ਵਿਚ ਲਿਖਿਆ ਹੋਇਆ ਹੈ, ਕੁਲ ੧੪੯੪ ਸ਼ਲੋਕ ਹਨ। ਇਸ ਨੂੰ ਤਿੰਨ ਕਾਂਡਾਂ ਵਿਚ ਵੰਡਿਆ ਹੋਇਆ ਹੈ। ਪਹਿਲੇ ਕਾਂਡ ਵਿਚ ਸੁਰਗ, ਵਯੋਮ, ਦਿਵਜ, ਕਾਲ, ਧੀ, ਸ਼ਬਾਦਿ, ਨਾਟਜ, ਪਾਤਾਲ, ਨਰਕ ਤੇ ਵਾਰੀ ਇਹ ਦਸ ਵਰਗ ਹਨ। ਦੂਜੇ ਕਾਂਡ ਵਿਚ ਭੂਮੀ, ਪੁਰ, ਸੈਲ, ਬਨੌਖਧੀ,

ਸਿੰਘਾਦਿ, ਮੁਨੁਸ਼ਜ, ਬ੍ਰਹਮ, ਖਜਤ੍ਰਿ, ਵੈਸ਼ ਤੇ ਸ਼ੂਦਰ ਆਦਿ ਦਸ ਵਰਗ ਹਨ। ਤੀਜੇ ਕਾਂਡ ਵਿਚ 'ਵਿਸ਼ੇਸ਼ ਨਿਘਨ' ਸਕੀਰਣ, ਨਾਨਾ ਅਰਥ, ਅਵਜਵ, ਲਿੰਗਾਦਿ ਸੰਗ੍ਰਹਿ, ਪੰਜ ਵਰਗ ਹਨ, ਸਾਰੇ ੨੫ ਵਰਗ ਹਨ। ਹਰ ਵਰਗ ਵਿਚ ਉਸ ਵਰਗ ਦੇ ਸੰਬੰਧੀ ਪਦਾਰਥਾਂ ਦੇ ਸਮ ਅਰਥਕ ਸ਼ਬਦਾਂ ਨੂੰ ਸੰਸਕ੍ਰਿਤ ਦੇ ਸ਼ਲੋਕਾਂ 'ਚ ਸੰਗ੍ਰਹਿ ਕੀਤਾ ਹੋਇਆ ਹੈ। ਇਸ ਸ਼ਬਦ ਸੰਗ੍ਰਹਿ ਦਾ ਕ੍ਰਮ ਅੱਖਰਾਂ ਜਾਂ ਮਾਤ੍ਰਾਂ ਦਾ ਕ੍ਰਮ ਨਹੀਂ, ਸਗੋਂ ਅਰਥਾਂ ਅਨੁਸਾਰ ਜਾਂ ਕੁਦਰਤੀ ਰਚਨਾ ਅਨੁਸਾਰ ਕ੍ਰਮ ਰੱਖਿਆ ਗਿਆ ਹੈ।

ਇਸ ਕੋਸ਼ ਦਾ ਸ਼ੈਲੀ ਐਸੀ ਸਰਲ, ਸਾਦਾ ਤੇ ਨਵੀਨ ਸੀ, ਜਿਸ ਦਾ ਸਦਕਾ ਇਸ਼ ਕੋਸ਼ ਦੇ ਉਲਥੇ ਦੂਜੀਆਂ ਭਾਸ਼ਾਵਾਂ ਵਿਚ ਹੋਣ ਲੱਗ ਪਏ। ਪ੍ਰਾਕ੍ਰਿਤ, ਦੇਸੀ, ਪਾਰਸੀ ਤੇ ਆਧੁਨਿਕ ਹਿੰਦੀ ਭਾਸ਼ਾ ਵਿਚ ਉਲਥੇ ਕੀਤੇ ਗਏ ਜਾਂ ਇਸੇ ਢੰਗ ਨਾਲ ਆਪੋ ਆਪਣੀ ਭਾਸ਼ਾ ਦੇ ਸਮ ਅਰਥਕ ਸ਼ਬਦ ਦੇ ਸੰਗ੍ਰਹਿ ਲਿਖੇ ਗਏ। ਅਮਰ ਕੋਸ਼ ਦੇ ਏਨੇ ਹਿੰਦੀ ਟੀਕੇ ਹਨ ਜਿੰਨੇ ਸ਼ਾਇਦ ਹੀ ਹੋਰ ਕਿਸੇ ਸੰਸਕ੍ਰਿਤ ਪੁਸਤਕ ਦੇ ਹੋਣ। ਇਹ ਇਸ ਦੀ ਪ੍ਰਮਾਣੀਕਤਾ ਦਾ ਸਭ ਤੋਂ ਵੱਡਾ ਸਬੂਤ ਹੈ।

2. ਮਾਨ ਮੰਜਰੀ ਨਾਮ ਮਾਲਾ– ਇਸ ਦਾ ਲੇਖਕ ਬ੍ਰਿਜ ਭਾਸ਼ਾ ਦਾ ਪ੍ਰਸਿੱਧ ਕਵੀ ਨੰਦ ਦਾਸ ਹੈ। ਇਹ ਸਾਰੀ ਰਚਨਾ ਦੋਹੇ ਛੰਦਾਂ ਵਿਚ ਬ੍ਰਿਜ ਭਾਸ਼ਾ ਕਾਵਿ ਵਿਚ ਲਿਖੀ ਗਈ ਹੈ। ਹਰ ਸ਼ਬਦ ਦੇ ਥੋਹੜੇ-ਥੋਹੜੇ ਸਮ ਅਰਥਕ ਸ਼ਬਦ ਹਨ। ਇਹ ਸਾਰੇ ਸ਼ਬਦ ਨਾਮ ਹੀ ਹਨ, ਇਸ ਲਈ ਇਸ ਪੁਸਤਕ ਦਾ ਨਾਮ ਉਨ੍ਹਾਂ ਨੇ ਨਾਮ ਮਾਲਾ ਰੱਖਿਆ ਹੈ। ਨਾਵਾਂ ਦੀ ਗਿਣਤੀ ਮੁੱਕਣ ਤੇ ਕਵੀ ਰਾਧਾ ਦੇ 'ਮਾਨ' ਤੇ ਆਪਣੀ ਤਾਣ ਤੋੜਦਾ ਹੈ, ਇਸ ਲਈ ਨਾਮ ਮਾਲਾ ਨਾਮ ਦੇ ਨਾਲ 'ਮਾਨ ਮੰਜਰੀ' ਵਿਸ਼ੇਸ਼ਣ ਜੋੜਿਆ ਹੈ। ਇਸ ਦੀ ਹੱਥ-ਲਿਖਤ ਨਕਲ ਮੇਰੇ ਪਾਸ ਹੈ। ਇਹ ਛਪੀ ਵੀ ਕਿਤੇ ਦੇਖੀ ਸੀ। ਇਹ ਪੁਸਤਕ ਵੀ ਅਸਲ ਵਿਚ ਅਮਰ ਕੋਸ਼ ਵਿਚੋਂ ਕੁਝ-ਕੁ ਸਮ ਅਰਥਕ ਸ਼ਬਦਾਂ ਦਾ ਹੀ ਸੰਗ੍ਰਹਿ ਹੈ ਤੇ ਬ੍ਰਿਜ ਭਾਸ਼ਾ ਕਾਵਿ ਵਿਚ ਅਨੁਵਾਦ ਹੈ। ਲੇਖਕ ਪੁਸਤਕ ਦੇ ਅਰੰਭ ਵਿਚ ਆਪ ਲਿਖਦਾ ਹੈ :-

ਦੋਹਿਰਾ:-ਗੁੰਥਨ ਨਾਨਾ ਨਾਮ ਕੋ, ਅਮਰ ਕੋਸ਼ ਕੇ ਭਾਇ।
ਮਾਨ ਵਤੀ ਕੇ ਨਾਮ ਪਰ ਮਿਲੇਂ ਅਰਥ ਸਭ ਆਇ॥੪॥

ਇਸ ਪੁਸਤਕ ਦੇ ਕੁਲ ੨੮੯ ਦੋਹਿਰੇ ਹਨ, ਜਿਨ੍ਹਾਂ ਵਿਚ ਲਗ-ਭਗ ੨੧੯ ਵਸਤੂਆਂ ਦੇ ਕੁਝ-ਕੁ ਪ੍ਰਚੱਲਤ ਸਮ ਅਰਥ ਸ਼ਬਦ ਦਿੱਤੇ ਹਨ, ਪੁਸਤਕ ਲਿਖਣ ਦਾ ਸੰਮਤ ਨਹੀਂ ਲਿਖਿਆ ਤੇ ਨਾ ਹੀ ਅਮਰ ਕੋਸ਼ ਵਾਂਗ ਇਸ ਨੂੰ ਕਾਂਡਾਂ ਤੇ ਵਰਗਾਂ ਵਿਚ ਹੀ ਵੰਡਿਆ ਹੈ।

3. ਨਾਮ ਕੋਸ਼- ਇਹ ਕੋਸ਼ 'ਗੁਰ ਪ੍ਰਤਾਪ ਸੂਰਜ ਗ੍ਰੰਥ' ਦੇ ਕਰਤਾ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ, ਇਸ ਨੂੰ ਉਨ੍ਹਾਂ ਆਪਣੇ ਨਗਰ ਬੂੜੀਏ ਸ਼ੁਰੂ ਕਰਕੇ ਸ੍ਰੀ ਅੰਮ੍ਰਿਤਸਰ ਸੰਪੂਰਨ ਕੀਤਾ। ਇਹ ਵੀ ਅਸਲ ਵਿਚ ਅਮਰ ਕੋਸ਼ ਦਾ ਹੀ ਟੀਕਾ ਹੈ, ਜਿਸ ਨੂੰ ਉਨ੍ਹਾਂ ਆਪਣੀ ਬ੍ਰਿਜ ਭਾਸ਼ਾ ਕਾਵਿ ਵਿਚ ਸਜਾ ਕੇ ਰੱਖਿਆ। ਇਸ ਦੇ ਕੁਲ ੪੬੬ ਛੰਦ ਹਨ, ਇਹ ਸੰਮਤ ੧੮੭੮ ਬਿ: ਵਿਚ ਸਮਾਪਤ ਹੋਇਆ। ਕਵੀ ਜੀ ਆਪ ਲਿਖਦੇ ਹਨ :-

ਜਮਨਾ ਤਟ ਜੋ ਬੂਰੀਆ, ਗ੍ਰਿੰਥ ਕਰਨ ਲਗ ਤਾਹਿ।
ਆਨ ਸੁਧਾ ਸਰ ਤੀਰ ਪੁਨ, ਕਰੀ ਸਮਾਪਤ ਯਾਹਿ।੪੬੫।
ਸੰਮਤ ਦਸ ਅਸਟਾ ਸਰਸ, ਬਹੁਤ ਅਠੱਤਰ ਬੀਤ।
ਕਿਯੋ ਗ੍ਰੰਥ ਪੂਰਨ ਭਲੇ, ਗੁਨੀ ਪੜਹਿ ਧਰ ਚੀਤ।੪੬੬।

ਇਸ ਦੇ ਹੱਥ-ਲਿਖਤ ਉਤਾਰੇ ਬਹੁਤ ਘੱਟ ਮਿਲਦੇ ਹਨ। ਡਾਕਟਰ ਭਾਈ ਵੀਰ ਸਿੰਘ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਦੀ ਪ੍ਰਸਤਾਵਨਾ ਵਿਚ ਕਵੀ ਜੀ ਦੀਆਂ ਰਚਿਤ ਪੁਸਤਕਾਂ ਬਾਰੇ ਵਿਚਾਰ ਕਰਦਿਆਂ ਲਿਖਿਆ ਹੈ ਕਿ 'ਨਾਮ ਕੋਸ਼' ਗ੍ਰੰਥ ਦਾ ਕਵੀ ਜੀ ਦੀ ਆਪਣੀ ਕਲਮ ਦਾ ਲਿਖਿਆ ਹੋਇਆ ਅਸਲ ਨੁਸਖਾ ਸੰਚਯ ਆਪਣੇ ਪੂਜਯ ਪਿਤਾ ਡਾਕਟਰ ਚਰਨ ਸਿੰਘ ਦੇ ਸੰਚਯ 'ਚੋਂ ਮਿਲਿਆ ਹੈ।

4. ਹਿੰਦੀ ਪ੍ਰਯਾਯ ਵਾਚੀ ਕੋਸ਼-ਇਸ ਦੇ ਲੇਖਕ ਪੰਡਿਤ ਸ੍ਰੀ ਕ੍ਰਿਸ਼ਨ ਸ਼ੁਕਲ 'ਵਿਸ਼ਾਰਦ' ਹਨ। ਉਨ੍ਹਾਂ ਨੇ ਇਸ ਨੂੰ ਸੰਮਤ ੨੦੦੫ ਬਿ: 'ਚ ਛਪਵਾਇਆ। ਅਮਰ ਕੋਸ਼ ਨਾਲੋਂ ਸ਼ਬਦਾਂ ਦੀ ਵੀ ਚੋਖੀ ਗਿਣਤੀ ਵੱਧ ਹੈ, ਜੋ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੀਆਂ ਹੋਰ ਪੁਸਤਕਾਂ 'ਚੋਂ ਸੰਕਲਤ ਕੀਤੀ ਗਈ ਹੈ। ਭੂਮਿਕਾ ਤੇ ਤਤਕਰੇ ਤੋਂ ਬਿਨਾਂ ਮੂਲ ਗ੍ਰੰਥ ਦੇ ਕਿਤਾਬੀ ਸਾਈਜ਼ ਦੇ ੨੨੯ ਸਫੇ ਹਨ। ਇਸ ਨੂੰ ਅਮਰ ਕੋਸ਼ ਵਾਂਗ ਚਾਰ ਖੰਡਾ 'ਚ ਵੰਡਿਆ ਹੈ। ਪਹਿਲੇ ਖੰਡ ਵਿਚ ਸੁਰਗ, ਦੇਵਾਵਤਾਰ, ਤੀਰਥ, ਦਿਸ਼ਾ, ਅਕਾਸ਼ ਤੇ ਕਾਲ ਛੇ ਵਰਗ ਹਨ। ਦੂਜੇ ਖੰਡ ਵਿਚ ਸਥਲ, ਜਲ, ਖਣਿਜ, ਕਸ਼ਾਰ, ਵਨ, ਵਿਖ, ਉਪਵਿਖ, ਧਾਨ, ਤਿਲ, ਸ਼ਾਕ ਭਾਜੀ, ਮੂਲ ਕੰਦ, ਫਲ, ਪੁਸ਼ਪ, ਵ੍ਰਿਖ, ਬਨੌਖਧੀ, ਗੰਧਾਦਿ, ਮਧੁ, ਗੋਰਸ ਆਦਿ ੧੭ ਵਰਗ ਹਨ। ਤੀਜੇ ਖੰਡ ਵਿਚ ਮਨੁੱਖ ਸੰਬੰਧੀ, ਜਾਤੀ, ਭਾਵ ਰੋਗ, ਭੋਜਨ, ਵਸਤ੍ਰ-ਆਭਰਣ, ਬ੍ਰਹਮਚਾਰੀ, ਰਾਜ, ਵਯਵਸਾਯ, ਸੁਰਤਾਲ ੧੧ ਵਰਗ ਹਨ। ਚੌਥੇ ਖੰਡ ਵਿਚ ਪਸ਼ੂ, ਸਰੀਸ੍ਰਿਪ, ਪੰਛੀ, ਕੀਟ ਪਤੰਗ, ਕ੍ਰਿਯਾ ਆਦਿ ਪੰਜ ਵਰਗ ਹਨ। ਕੁਲ ੩੯ ਵਰਗ ਹਨ ਅਤੇ ਕੁਲ ਮੂਲ ਸ਼ਬਦ ੨੨੭੯ ਹਨ। ਕਵਿਤਾ ਦੀ ਬਜਾਇ ਇਸ ਨੂੰ ਵਾਰਤਕ ਵਿਚ ਲਿਖਿਆ ਹੈ। ਨਵੀਨ ਹਿੰਦੀ ਸਾਹਿਤ ਵਿਚ ਇਹ ਆਪਣੀ ਕਿਸਮ ਦੀ ਪਹਿਲੀ ਪੁਸਤਕ ਹੈ।

5. ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਨੂੰ ਮੈਂ ਆਪਣੇ ਲਿਖੇ ਸਮ ਅਰਥ ਕੋਸ਼ ਨੂੰ ਦਿਖਾਉਣ ਦੇ ਸੰਬੰਧ ਵਿਚ ਡੇਹਰਾਦੂਨ ਮਿਲਿਆ ਤਾਂ ਉਨ੍ਹਾਂ ਜ਼ਿਕਰ ਕੀਤਾ ਕਿ ਅਸਾਂ ਵੀ ਇਸ ਕਿਸਮ ਦਾ ਇਕ ਸ਼ਬਦ ਸੰਗ੍ਰਹਿ ਲਿਖਿਆ ਸੀ, ਜੋ ੧੯੪੭ ਈ: ਦੀ ਗੜ-ਬੜ ਸਮੇਂ ਖਾਲਸਾ ਸਮਾਚਾਰ ਦੇ ਦਫਤਰ ਨੂੰ ਅੱਗ ਲੱਗ ਜਾਣ ਤੇ ਬਾਕੀ ਪੁਸਤਕਾਂ ਦੇ ਨਾਲ ਹੀ ਸੜ ਗਿਆ।

6. ਪੰਡਿਤ ਤਾਰਾ ਸਿੰਘ ਜੀ ਨਰੋਤਮ ਲਿਖਤ ਗੁਰਮਤ ਨਿਰਣਯ ਸਾਗਰ ਦੀ ੨੪ਵੀਂ ਉਰਮੀ, ਜਿਸ ਵਿਚ ਉਨ੍ਹਾਂ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਕੁਝ-ਕੁ ਖਾਸ ਸ਼ਬਦਾਂ ਦੇ ਸਮ ਅਰਥਕ ਸ਼ਬਦਾਂ ਨੂੰ ਇਕੱਠਿਆਂ ਕਰਕੇ ਇਸ ਲੀਹ ਨੂੰ ਪੰਜਾਬੀ ਵਾਰਤਕ ਵਿਚ ਲੈ ਆਉਣ ਦਾ ਪਹਿਲਾ ਯਤਨ ਕੀਤਾ ਹੈ।

7. ਏਕ ਨਾਮ ਅਨੇਕ ਨਾਮਾਵਲੀ ਕੋਸ਼-ਇਹ ਕੋਸ਼ ਭਾਈ ਲਾਭ ਸਿੰਘ ਐਂਡ ਸੰਨਜ਼ ਪੁਸਤਕਾਂ ਵਾਲੇ ਤੇ ਪਬਲਿਸ਼ਰਜ਼ ਨੇ ਵਜ਼ੀਰ ਹਿੰਦ ਪ੍ਰੈੱਸ ਵਿਚ ਛਪਵਾਇਆ। ਲੇਖਕ ਦਾ ਨਾਮ ਨਹੀਂ ਦਿੱਤਾ। ਇਹ ਨਿੱਕਾ ਜਿਹਾ ਟ੍ਰੈਕਟ ੨੦ ਕੁ ਸਫਿਆਂ 'ਤੇ ਨਿਰਭਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਕੁਝ-ਕੁ ਸ਼ਬਦਾਂ ਦੇ ਸਮ ਅਰਥਕ ਸ਼ਬਦ ਹਨ। ਉਨ੍ਹਾਂ ਨੂੰ ਇਕੱਠਿਆਂ ਕਰਨ ਲੱਗਿਆਂ ਕੁਝ-ਕੁ ਪ੍ਰਚੱਲਤ ਪੰਜਾਬੀ ਦੇ ਸ਼ਬਦ ਵੀ ਨਾਲ ਜੋੜ ਦਿੱਤੇ ਹਨ।

8. ਸਮ ਅਰਥ ਕੋਸ਼-ਇਹ ਇਸ ਕਲਮ ਦੇ ਲੇਖਕ ਦੀ ਰਚਨਾ ਹੈ। ਇਹੋ ਹੀ ਗੁਰਮਤਿ ਸਾਹਿਤ ਦੇ ਸਮ ਅਰਥਕ ਸ਼ਬਦਾਂ ਦਾ ਕੋਸ਼ ਹੈ। ਇਸ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਬਾਣੀ ਭਾਈ ਗੁਰਦਾਸ, ਨਾਨਕ ਪ੍ਰਕਾਸ਼, ਗੁਰ ਪ੍ਰਤਾਪ ਸੂਰਜ, ਪੰਥ ਪ੍ਰਕਾਸ਼ ਗਿ: ਗਿਆਨ ਸਿੰਘ, ਗੁਰ ਬਿਲਾਸ ਪਾ: ਛੇਵੀ ਤੇ ਦਸਵੀਂ 'ਚੋਂ ਇਕੱਠੇ ਕੀਤੇ ਹੋਏ ਸਮ ਅਰਥਕ ਸ਼ਬਦ ਹਨ। ਐਉਂ ਇਸ ਨੂੰ ਗੁਰਮਤਿ ਸਾਹਿਤ ਦੇ ਸਮ ਅਰਥਕ ਸ਼ਬਦਾਂ ਦਾ ਸ਼ੀਸ਼ਾ ਸਮਝਣਾ ਚਾਹੀਦਾ ਹੈ। ਇਸ ਤੋਂ ਇਲਾਵਾ ਅਮਰ ਕੋਸ਼ ਤੇ ਹਿੰਦੀ ਪ੍ਰਜਾਯ ਵਾਚੀ ਕੋਸ਼ ਵਿਚੋਂ ਵੀ ਉਹ ਸ਼ਬਦ ਸ਼ਾਮਲ ਕਰ ਲਏ ਗਏ ਹਨ ਜਿਹੜੇ ਪਹਿਲਾਂ ਮੇਰੇ ਸੰਚਜ ਵਿਚ ਨਹੀਂ ਸਨ। ਹੁਣ ਤਕ ਦੇ ਲਿਖੇ ਗਏ ਸੰਸਕ੍ਰਿਤ ਤੇ ਹਿੰਦੀ ਕੋਸ਼ਾਂ ਤੋਂ ਆਕਾਰ ਵਿਚ ਵੱਡਾ, ਸ਼ੈਲੀ ਵਿਚ ਵਿਲੱਖਣ ਤੇ ਸ਼ਬਦ ਲੱਭਣ ਵਿਚ ਆਸਾਨ ਹੈ। ਉਹ ਖਾਮੀਆਂ ਜੋ ਪਹਿਲਾਂ ਲਿਖੇ ਗਏ ਕੋਸ਼ਾ ਵਿਚ ਸਨ, ਸਭ ਦੂਰ ਕਰ ਦਿੱਤੀਆਂ ਗਈਆਂ ਹਨ। ਇਹ ਕੋਸ਼ ਕਿਤਾਬੀ ਸਾਈਜ਼ ਦੇ ਲਗ-ਭਗ ੫੦੦ ਸਫੇ ਦਾ ਹੋਵੇਗਾ। ਇਸ ਦੇ ਮੂਲ ਸ਼ਬਦ ੨੫੦੬ ਤੇ ਕੁਲ ਸ਼ਬਦ ਤੀਹ ਹਜ਼ਾਰ ਹਨ। ਇਸ ਦੀ ਵਿਸ਼ੇਸ਼ਤਾ ਦਾ ਪਤਾ ਹੇਠ ਲਿਖੇ ਵਾਧਿਆਂ ਤੋਂ ਲੱਗ ਜਾਵੇਗਾ।

ਵਿਸ਼ੇਸ਼ ਜਾਣਕਾਰੀ-

੧. ਮੂਲ ਸ਼ਬਦਾਂ ਨੂੰ ਜੋ ਮੁੱਢ ਵਿਚ ਮੋਟੇ ਅੱਖਰਾਂ ਵਿਚ ਦਰਜ ਹਨ, ਉਨ੍ਹਾਂ ਨੂੰ ਠੇਠ ਪੰਜਾਬੀ ਦਾ ਰੂਪ ਦੇ ਦਿੱਤਾ ਗਿਆ ਹੈ, ਤਾਂਕਿ ਪਾਠਕਾਂ ਨੂੰ ਸਮਝਣ ਵਿਚ ਸੌਖ ਰਹੇ।

੨. ਗੁਰਮਤਿ ਸਾਹਿਤ ਦੇ ਗ੍ਰੰਥਾਂ ਤੋਂ ਇਲਾਵਾ ਪੰਜਾਬੀ ਪੁਸਤਕਾਂ ਵਿਚ ਜੋ ਸਮ ਅਰਥਕ ਸ਼ਬਦ ਮਿਲਦੇ ਹਨ ਉਨ੍ਹਾਂ ਨੂੰ ਵੀ ਵਿਚ ਦਰਜ ਕਰ ਦਿੱਤਾ ਹੈ।

੩. ਇਸ ਦੇ ਸਿਰਲੇਖਾਂ ਨੂੰ ਕਾਂਡਾਂ ਜਾਂ ਵਰਗਾਂ ਵਿਚ ਵੰਡਣ ਦੀ ਥਾਂ ਨਵੀਨ ਅਰਥ ਕੋਸ਼ਾਂ ਵਾਂਗ ਅੱਖਰਾਂ ਤੇ ਮਾਤ੍ਰਾਂ ਦੇ ਕ੍ਰਮ ਅਨੁਸਾਰ ਕਰ ਦਿਤਾ ਗਿਆ ਹੈ, ਜਿਸ ਨਾਲ ਵਾਂਛਿਤ ਪਦਾਰਥ ਦੇ ਸਮ ਅਰਥਕ ਸ਼ਬਦ ਲੱਭਣ ਵਿਚ ਪਾਠਕਾਂ ਨੂੰ ਕਾਫੀ ਤੋਂ ਜ਼ਿਆਦਾ ਸੌਖ ਹੋ ਗਈ ਹੈ।

੪. ਸਿਰਲੇਖਾਂ ਦੇ ਬਾਅਦ ਲਿਖੇ ਜਾਣ ਵਾਲੇ ਸਾਰੇ ਸ਼ਬਦਾਂ ਨੂੰ ਵੀ ਅੱਖਰਾਂ ਦੇ ਮਾਤ੍ਰਾਂ ਦੇ ਕ੍ਰਮ ਨਾਲ ਲਿਖਿਆ ਹੈ, ਤਾਂਕਿ ਪਾਠਕ ਨੂੰ ਛੇਤੀ ਹੀ ਪਤਾ ਲੱਗ ਸਕੇ ਕਿ ਉਸ ਦਾ ਵਾਂਛਿਤ ਸ਼ਬਦ ਇਸ ਸਿਰਲੇਖ ਹੇਠ ਹੈ ਜਾਂ ਨਹੀਂ।

੫. ਕਾਂਡਾਂ, ਖੰਡਾਂ ਅਤੇ ਵਰਗਾਂ ਦੀ ਪੁਰਾਣੀ ਸ਼ੈਲੀ ਨੂੰ ਸੁਰਜੀਤ ਰੱਖਣ ਦੇ ਖਿਆਲ ਨਾਲ ਤਤਕਰੇ ਵਜੋਂ ਅੰਤ ਵਿਚ ਅੰਕਤ ਕਰ ਦਿੱਤਾ ਹੈ। ਹੋ ਸਕਦਾ ਹੈ ਕਿ ਕੁਝ ਪਾਠਕ ਇਸੇ ਸ਼ੈਲੀ ਨੂੰ ਹੀ ਪਸੰਦ ਕਰਨ।

੬. ਕਈ ਸਬਦਾਂ ਤੇ ਟਿੱਪਣੀ ਦੇ ਕੇ ਹੇਠ ਉਸ ਸਬੰਧੀ ਲੋੜੀਂਦੀ ਵਾਕਫ਼ੀਅਤ ਦੇ ਦਿੱਤੀ ਗਈ ਹੈ, ਜਿਵੇਂ ਕਿ:-ਅੱਗ ਹੇਠ ਅੱਗ ਦੀਆਂ ਕਿਸਮਾਂ ਆਦਿ।

੭. ਵਾਹਿਗੁਰੂ, ਦਸਾਂ ਸਤਿਗੁਰਾਂ, ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਖਾਲਸਾ ਪੰਥ, ਸਿੱਖ, ਅੰਮ੍ਰਿਤਸਰ ਆਦਿ ਗੁਰਮਤਿ ਸ਼ਬਦਾਂ ਦੇ ਸਮ ਅਰਥਕ ਸ਼ਬਦ ਇਸ ਤੋਂ ਪਹਿਲਾਂ ਲਿਖੇ ਗਏ ਕਿਸੇ ਵੀ ਕੋਸ਼ ਵਿਚ ਨਹੀਂ ਆਏ। ਅਸਾਂ ਬੜੀ ਮਿਹਨਤ ਨਾਲ ਚੁਣ ਕੇ ਇਸ ਵਿਚ ਦਰਜ ਕੀਤੇ ਹਨ।

੮. ਇਕ ਇਕ ਵਸਤੂ ਦੇ ਬਹੁਤ ਬਹੁਤ ਸਮ ਅਰਥਕ ਸ਼ਬਦ ਸੰਕਲਤ ਕੀਤੇ ਹਨ, ਜਿਹਾ ਕਿ ਅੱਗ ਦੇ ੧੦੦। ਇਸਤ੍ਰੀ ਦੇ ੧੪੯। ਸ਼ਿਵ ਦੇ ੧੮੪। ਸੂਰਜ ਦੇ ੧੯੫। ਚੰਦ ਦੇ ੨੦੦। ਧਰਤੀ ਦੇ ੧੬੯। ਇਨ੍ਹਾਂ ਸ਼ਬਦਾਂ ਦੇ ਇਤਨੀ ਗਿਣਤੀ ਵਿਚ ਸਮ ਅਰਥਕ ਸ਼ਬਦ ਅੱਜ ਤਕ ਲਿਖੇ ਗਏ ਕਿਸੇ ਵੀ ਕੋਸ਼ ਵਿਚ ਨਹੀਂ ਮਿਲਦੇ।

ਪੰਜਾਬੀ ਲਿੱਪੀ ਵਿਚ ਆਪਣੀ ਕਿਸਮ ਦਾ ਇਹ ਪਹਿਲਾ ਕੋਸ਼ ਹੈ। ਇਹ ਕੋਸ਼ ਮੈਂ ਕਿਵੇਂ, ਕਿੰਨੇ ਸਮੇਂ ਅਤੇ ਕਿੰਨੀ ਮਿਹਨਤ ਨਾਲ ਲਿਖਿਆ ਹੈ ਇਹ ਇਕ ਵੱਖਰਾ ਮਜ਼ਮੂਨ ਹੈ। ਇਹ ਕੋਸ਼ ਗੁਰਮਤਿ ਸਾਹਿਤ ਦੇ ਪਾਠਕਾਂ, ਗਿਆਨੀਆਂ, ਕਥਾ ਵਾਚਕਾਂ ਤੇ ਅਚਾਰਜਾਂ ਅਤੇ ਪੰਜਾਬੀ ਭਾਸ਼ਾ ਦੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ, ਅਧਿਆਪਕਾਂ, ਕਵੀਆਂ, ਲੇਖਕਾਂ, ਖੋਜੀਆਂ, ਆਲੋਚਕਾਂ, ਭਾਸ਼ਾ ਵਿਗਿਆਨੀਆਂ ਅਤੇ ਸਾਹਿਤ ਪ੍ਰੇਮੀਆਂ ਲਈ ਗਿਆਨ ਦਾ ਭੰਡਾਰ, ਰਸ ਦਾ ਸੋਮਾ ਤੇ ਚਾਨਣ-ਮੁਨਾਰਾ ਸਾਬਤ ਹੋਵੇਗਾ।

ਇਸ ਕੋਸ਼ ਰਾਹੀਂ ਜੇਕਰ ਮੈਂ ਗੁਰਮਤਿ ਸਾਹਿਤ ਤੇ ਪੰਜਾਬੀ ਭਾਸ਼ਾ ਦੀ ਕੋਈ ਸੇਵਾ ਕਰ ਸਕਿਆ ਜਾਂ ਇਸ ਦੇ ਪਾਠਕ ਇਸ ਤੋਂ ਕੋਈ ਲਾਭ ਉਠਾ ਸਕੇ ਤਾਂ ਮੈਂ ਆਪਣਾ ਇਹ ਯਤਨ, ਉੱਦਮ, ਮਿਹਨਤ ਤੇ ਸਮਾਂ ਸਫਲ ਸਮਝਾਂਗਾ।

ਵਿੱਦਿਆ ਪ੍ਰੇਮੀਆਂ ਦਾ ਦਾਸ:-
ਕਿਰਪਾਲ ਸਿੰਘ
ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ
ਅਤੇ ਸਾਬਕਾ ਜਥੇਦਾਰ
ਸ੍ਰੀ ਅਕਾਲ ਤਖਤ ਸਾਹਿਬ
ਅੰਮ੍ਰਿਤਸਰ।

੨੩ ਜੂਨ ੧੯੬੯
ਗਲੀ ਸ਼ਹੀਦ ਬੁੰਗਾ
ਨੇੜੇ ਕੌਲਸਰ
ਅੰਮ੍ਰਿਤਸਰ।

ਸਮ ਅਰਥ ਕੋਸ਼ ਦੀ ਦੂਜੀ ਐਡੀਸ਼ਨ ਬਾਰੇ

ਸਮ ਅਰਥ ਕੋਸ਼ ਸਵ: ਸਿੰਘ ਸਾਹਿਬ ਗਿ: ਕਿਰਪਾਲ ਸਿੰਘ ਜੀ ਦੀ ਤਕਰੀਬਨ 1939 ਈ: ਤੋਂ ਲੈ ਕੇ 1954 ਈ: ਤੱਕ 15 ਸਾਲ ਦੀ ਅਣਥੱਕ ਮਿਹਨਤ ਦਾ ਫਲ ਹੈ। ਉਹਨਾਂ ਆਪਣੇ ਵਿਦਿਆਰਥੀ ਜੀਵਨ ਕਾਲ ਤੋਂ ਹੀ ਖੋਜੀ ਬਿਰਤੀ ਨਾਲ ਇਕ-ਇਕ ਸ਼ਬਦ ਦੇ ਸਮ ਅਰਥਕ ਸ਼ਬਦ ਇਕੱਤਰ ਕਰਨੇ ਸ਼ੁਰੂ ਕੀਤੇ ਅਤੇ ਸਮਾਂ ਪਾ ਕੇ ਵੱਡ-ਅਕਾਰੀ ਖਰੜਾ ਤਿਆਰ ਕਰ ਲਿਆ।

ਸਮ ਅਰਥ ਕੋਸ਼ ਵਿਚ 2506 ਮੂਲ ਸ਼ਬਦ ਹਨ ਅਤੇ ਕੁੱਲ ਸ਼ਬਦ 30,000 ਹਨ। ਆਪ ਉਰਦੂ, ਫ਼ਾਰਸੀ, ਹਿੰਦੀ, ਪੰਜਾਬੀ ਤੋਂ ਇਲਾਵਾ ਬ੍ਰਿਜ ਭਾਸ਼ਾ ਦੇ ਵੀ ਖੋਜੀ ਵਿਦਵਾਨ ਸਨ। ਸਮ ਅਰਥ ਕੋਸ਼ ਪੰਜਾਬੀ ਲਿੱਪੀ ਵਿਚ ਆਪਣੀ ਕਿਸਮ ਦਾ ਨਿਵੇਕਲਾ ਤੇ ਪਹਿਲਾ ਕੋਸ਼ ਹੈ ਜੋ ਸੰਪਾਦਕ ਦੀ ਵਿਦਵਤਾ ਦੀ ਪ੍ਰਤੱਖ ਗਵਾਹੀ ਭਰਦਾ ਹੈ। ਇਸ ਦੀ ਪਹਿਲੀ ਐਡੀਸ਼ਨ ਦੀ 1100 ਕਾਪੀ ਜੁਲਾਈ 1969 ਈ: ਵਿਚ 'ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ' ਪ੍ਰਕਾਸ਼ਕ ਵਲੋਂ ਪ੍ਰਕਾਸ਼ਤ ਕੀਤੀ ਗਈ। ਇਸ ਸਮੇਂ ਇਸ ਦੀਆਂ ਪੁਰਾਤਨ ਕਾਪੀਆਂ ਮਾਰਕੀਟ ਵਿਚ ਉਪਲੱਭਧ ਨਹੀਂ ਸਨ, ਇਸ ਲਈ ਵਿਦਵਾਨ ਸੱਜਣਾਂ ਦੀ ਰਾਇ ਅਨੁਸਾਰ ਖੋਜੀ ਪਾਠਕਾਂ ਦੀ ਉਮੰਗ ਨੂੰ ਮੱਦੇ-ਨਜ਼ਰ ਰੱਖਦਿਆਂ ਇਸ ਦੀ ਦੂਜੀ ਐਡੀਸ਼ਨ ਛਾਪੀ ਗਈ ਹੈ। ਇਸ ਦੀ ਪਹਿਲੀ ਐਡੀਸ਼ਨ ਵਿਚ ਕੁਝ ਕੁ ਵਾਧੇ ਜੋ ਸੰਪਾਦਕ ਨੇ ਇਸ ਦੀ ਪੁਰਾਤਨ ਮੂਲ ਕਾਪੀ ਵਿਚ ਆਪਣੀ ਕਲਮ ਨਾਲ ਕੀਤੇ ਸਨ ਉਹ ਵੀ ਸ਼ਾਮਿਲ ਕਰ ਦਿੱਤੇ ਹਨ। ਹੁਣ ਸਮ ਅਰਥ ਕੋਸ਼ ਤਕਰੀਬਨ 32 ਸਾਲਾਂ ਬਾਅਦ ਆਪਣੇ ਪੁਰਾਤਨ ਮੂਲ ਰੂਪ 'ਚ ਫੇਰ ਦੁਬਾਰਾ, ਛਾਪੇ ਦੀ ਨਵੀਂ ਤਕਨੀਕ ਨਾਲ ਸੰਵਰ ਕੇ ਸੁਹਿਰਦ ਪਾਠਕਾਂ ਦੇ ਸਨਮੁੱਖ ਹਾਜ਼ਰ ਹੈ।

ਇਸ ਦੀ ਦੂਜੀ ਐਡੀਸ਼ਨ ਦੀ ਛਪਵਾਈ ਲਈ ਅਸੀਂ ਸ੍ਰ: ਹਰਭਜਨ ਸਿੰਘ (ਭਾਈ ਚਤਰ ਸਿੰਘ ਜੀਵਨ ਸਿੰਘ) ਫਰਮ ਵਾਲਿਆਂ ਦੇ ਸਹਿਯੋਗ ਅਤੇ ਉਤਸ਼ਾਹ ਲਈ ਅਤਿ ਧੰਨਵਾਦੀ ਹਾਂ, ਜਿਹਨਾਂ ਨੇ ਗਿਆਨੀ ਜੀ ਦੀਆਂ ਸਾਰੀਆਂ ਪੁਸਤਕਾਂ ਨੂੰ ਛਾਪ ਕੇ ਪਾਠਕਾਂ ਤੱਕ ਪੁੱਜਦਿਆਂ ਕੀਤਾ ਹੈ। ਮੈਨੂੰ ਪੂਰਨ ਆਸ ਹੈ ਕਿ ਸਮ ਅਰਥ ਕੋਸ਼ ਸਧਾਰਨ ਪਾਠਕਾਂ ਤੋਂ ਲੈ ਕੇ ਵਿਦਵਾਨ ਲੇਖਕਾਂ, ਇਤਿਹਾਸਕਾਰਾਂ, ਗੁਰਮਤਿ ਦੇ ਖੋਜੀਆਂ, ਪ੍ਰਚਾਰਕਾਂ ਤੇ ਪੰਜਾਬੀ ਸਾਹਿਤਕਾਰਾਂ ਲਈ ਬਹੁਮੁੱਲਾ ਖ਼ਜ਼ਾਨਾ ਸਾਬਤ ਹੋਵੇਗਾ।

ਇੰਦਰਜੀਤ ਸਿੰਘ ਗੋਗੋਆਣੀ

ਅੰਮ੍ਰਿਤਸਰ।

ੴ ਸਤਿਗੁਰ ਪ੍ਰਸਾਦਿ॥

ਸਮ ਅਰਥ ਕੋਸ਼

ਉ

ਉਸਤਤ (ਭਾਵ) ਉਸਤਤਿ। ਉਸਤਤੀ। ਉਸਤੋਤ੍ਰ। ਉਪ। ਉਪਮਾ। ਊਪ। ਓਪ। ਓਪਮਾ। ਅਸਤਵਨ। ਈਲਤ। ਸਤੁਤਿ। ਸਤੁਤੀ। ਸਤੋਤ੍ਰ। ਸਤ੍ਰ। ਸਨਾ। ਸਨਾਇ। ਸਲਾਹ। ਸ਼ਲਾਘਾ। ਸਾਲਾਹ। ਸਿਪਤ। ਸਪੀਤੀ। ਸਿਫ਼ਤ। ਸੋਭਾ। ਸ੍ਰਵ, ਸ੍ਰਵਨ। ਸ੍ਰੁਤਿ। ਕਬ। ਕਬਾੜਾ। ਕਲ। ਕਲਾਣ। ਕਲਾਣਿ। ਕਲਿ। ਚਿੰਦ। ਤਅਰੀਫ਼। ਤਾਰੀਫ਼ । ਨੁਤ । ਨੁਤੀ। ਪਣਾਯਿਤ । ਪ੍ਰਸਤੁਤਿ। ਪ੍ਰਸੰਸਾ। ਪ੍ਰਸ਼ੰਸਾ । ਵਡਿਆਈ । ੪੩।

ਉਸਤਤ ਯੋਗ (ਵਿਸ਼ੇ) ਉਸਤਤਿ ਯੋਗ। ਉਪਮਾ ਜੋਗ । ਸਨਾਈ । ਸੁਬਹਾਨ । ਸੁਭਾਨ । ਸਾਲਾਹੀ । ਧਨੁ । ਧਨਜਹ । ਧਨਜਾਂ। ਧੰਨ। ਧੰਨਤਾ ਯੋਗ। ਧੰਨੀ। ੧੩।

ਉਸਤਰਾ (ਕਿ:) ਅਸਤੂਰਾ। ਕਸ਼ੁਰਾ । ਕਸ਼ੁਰਿਕਾ । ਛੂਰਾ। ੫।

